# ਜੀਵਨ

# ਮਾਸਟਰ ਤਾਰਾ ਸਿੰਘ

[ਇਤਿਹਾਸਕ ਪੱਖ ਤੋਂ]

ਲੇਖਕ : ਪ੍ਰਿਥੀਪਾਲ ਸਿੰਘ ਕਪੂਰ



Pb
923.254 5
T 17 K

P
923.254
5
T 17 K

[੧੯੪੫]

INDIAN INSTITUTE OF
ADVANCED STUDY
LIBRARY SIMLA

੧ ੴ

ਸ੍ਰੀ ਮਾਨ

# ਮਾਸਟਰ ਤਾਰਾ ਸਿੰਘ

Master Tara Singh

[ਇਤਿਹਾਸਕ ਪੱਖ ਤੋਂ]

ਲੇਖਕ

ਪ੍ਰਿਥੀਪਾਲ ਸਿੰਘ ਕਪੂਰ

Prithipal Singh Kapur

ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ

Singh Brothers, Mai Sewan, Amritsar

P
923.254 5
T 17 K

75226
13.11.96

Library IIAS, Shimla
P 923.254 5 T 17 K
00075226

ਮੁੱਲ ੧-੨੫

ਪ੍ਰਕਾਸ਼ਕ : ਸੇਵਾ ਸਿੰਘ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ
ਪ੍ਰਿੰਟਰ : ਸੋਹਣ ਸਿੰਘ, ਹਰਦਾਸ ਪ੍ਰਿੰਟਿੰਗ ਪ੍ਰੈੱਸ, ਹੁਸੈਨਪੁਰਾ, ਅੰਮ੍ਰਿਤਸਰ

# ਵਚਨਾਰੰਭ

'ਮਾਸਟਰ ਤਾਰਾ ਸਿੰਘ ਸਿੱਖ ਇਤਿਹਾਸ ਦੇ ਯੁੱਗ ਪੁਰਸ਼ ਹੋਏ ਹਨ।' ਉਨ੍ਹਾਂ ਨੇ ਵੀਹਵੀਂ ਸਦੀ ਦੀ ਗੁੰਝਲਦਾਰ ਰਾਜਨੀਤੀ ਵਿਚ ਸਿੱਖ ਹਿੱਤਾਂ ਤੇ ਆਦਰਸ਼ਾਂ ਦੀ ਥਾਂ ਬਣਾਉਣ ਲਈ, ਜੀਵਨ-ਭਰ ਅਣਥੱਕ ਤੇ ਨਿਰ-ਸੁਆਰਥ ਸੰਘਰਸ਼ ਕੀਤਾ। ਉਨ੍ਹਾਂ ਨੇ ਵਰਤਮਾਨ ਲੀਹਾਂ ਉਪਰ ਸਿੱਖਾਂ ਨੂੰ ਰਾਜਨੀਤਕ ਦਲਾਂ ਵਿਚ ਸੰਗਠਤ ਕਰਨ ਦੀ ਪਰੰਪਰਾ ਚਲ੍ਹਾਈ, ਤਾਂ ਹੀ ਕਰਨਲ ਬਰਡਵੁੱਡ ਨੇ 1945 ਈਸਵੀ ਵਿਚ ਲਿਖਿਆ ਸੀ ਕਿ ਸਿੱਖ ਰਾਜਨੀਤੀ ਅਕਾਲੀ ਪਾਰਟੀ ਦੇ ਦੁਆਲੇ ਹੀ ਘੁੰਮਦੀ ਹੈ।

ਮਾਸਟਰ ਤਾਰਾ ਸਿੰਘ ਜੀ ਦੇ ਜੀਵਨ ਤੇ ਕਾਰਨਾਮਿਆਂ ਸਬੰਧੀ ਪ੍ਰੋ: ਪ੍ਰਿਥੀਪਾਲ ਸਿੰਘ ਕਪੂਰ ਦੀ ਇਹ ਪੁਸਤਕ, ਸਿੱਖ ਜਗਤ ਅੱਗੇ ਪੇਸ਼ ਕਰਦਿਆਂ ਮੈਨੂੰ ਅਤਿਅੰਤ ਖ਼ੁਸ਼ੀ ਪ੍ਰਤੀਤ ਹੋ ਰਹੀ ਹੈ। ਲੇਖਕ ਨੇ ਇਸ ਪੁਸਤਕ ਵਿਚ ਅੰਕਤ ਕੀਤੇ ਵਿਚਾਰਾਂ ਤੇ ਘਟਨਾਵਾਂ ਲਈ ਮੂਲ ਆਧਾਰ, ਮਾਸਟਰ ਜੀ ਨਾਲ ਆਪਣੀ ਇਕ ਮੁਲਾਕਾਤ, ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਰੀਕਾਰਡਾਂ ਤੇ ਮਾਸਟਰ ਜੀ ਦੀਆਂ ਨਿੱਜੀ ਅਣ-ਛਪੀਆਂ ਲਿਖਤਾਂ ਨੂੰ ਬਣਾਇਆ ਹੈ। ਭਾਵੇਂ ਲਿਖਣ ਦੀ ਤਰਜ਼ ਉਤਸ਼ਾਹੀ ਹੀ ਹੈ, ਫੇਰ ਵੀ ਪੁਸਤਕ ਵਿਚ ਦਿੱਤੇ ਪ੍ਰਮਾਣੀਕ ਹਵਾਲਿਆਂ ਦੇ ਕਾਰਨ, ਨਿਸਚੇ ਹੀ ਇਹ ਪੁਸਤਕ ਭਵਿੱਖ ਦੇ ਇਤਿਹਾਸ-ਖੋਜੀਆਂ ਲਈ, ਮਾਸਟਰ ਜੀ ਦੇ ਇਤਿਹਾਸ ਉਪਰ ਚਾਨਣ-ਮੁਨਾਰਾ ਸਿੱਧ ਹੋਵੇਗੀ।

ਮਾਸਟਰ ਜੀ ਪੰਥ ਦੀ ਸੰਪਤੀ ਸਨ । ਉਨ੍ਹਾਂ ਦੇ ਨਿੱਜੀ ਰੀਕਾਰਡ, ਚਿੱਠੀ-ਪੱਤਰ ਜਾਂ ਲਿਖਤਾਂ ਇਸ ਸਦੀ ਦੇ ਸਿੱਖ ਇਤਿਹਾਸ ਦੇ ਕੀਮਤੀ ਵਰਕੇ ਹਨ। ਜ਼ਰੂਰੀ ਹੈ ਕਿ ਉਨ੍ਹਾਂ ਦੇ ਜੀਵਨ ਨਾਲ ਸਬੰਧਤ ਸਾਰੀ ਸਮਿੱਗਰੀ ਨੂੰ ਕੌਮ ਦੇ ਵਡਮੁੱਲੇ ਇਤਿਹਾਸਕ ਵਿਰਸੇ ਵਜੋਂ ਸਾਂਭ ਰੱਖਣ ਦਾ ਉਪਰਾਲਾ ਕੀਤਾ ਜਾਵੇ । ਇਸ ਅਵਸਰ ਤੇ ਮੈਂ ਮਾਸਟਰ ਜੀ ਦੇ ਪਰਵਾਰ ਤੇ ਉਨ੍ਹਾਂ ਨਾਲ ਸਬੰਧਤ ਸੰਸਥਾਵਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਕਾਲ ਦੀਆਂ ਲਿਖਤਾਂ ਤੇ ਹੋਰ ਵਸਤਾਂ ਦੀ ਯੋਗ ਢੰਗ ਨਾਲ ਸੰਭਾਲ ਕਰਨ, ਤਾਂ ਜੋ ਮਾਸਟਰ ਜੀ ਦੇ ਜੀਵਨ-ਲਕਸ਼ਾਂ ਨੂੰ ਨਿਰਪੱਖ ਇਤਿਹਾਸਕ ਦ੍ਰਿਸ਼ਟੀ ਤੋਂ ਅਨੁਮਾਨਿਆ ਜਾ ਸਕੇ ।

ਲਾਇਲਪੁਰ ਖ਼ਾਲਸਾ ਕਾਲਜ
ਜਲੰਧਰ
ਜੂਨ 10, 1968

ਰਾਮ ਸਿੰਘ ਸਚਦੇਵ
ਪ੍ਰਿੰਸੀਪਲ

# ਉਥਾਨਕਾ

1956 ਈਸਵੀ ਵਿਚ ਮੈਨੂੰ ਸਿੱਖ ਇਤਿਹਾਸ ਖੋਜ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ਲਈ ਵੀਹਵੀਂ ਸਦੀ ਦੇ ਸਿੱਖ-ਇਤਿਹਾਸ ਸਬੰਧੀ ਸਮਿੱਗਰੀ ਇਕੱਤਰ ਕਰਨ ਦਾ ਅਵਸਰ ਮਿਲਿਆ। ਇਸੇ ਸਬੰਧ ਵਿਚ ਮੈਂ ਪੰਜਾਬ ਦੇ ਉੱਘੇ ਰਾਜਸੀ ਆਗੂਆਂ ਦੇ ਜਨਤਕ ਜੀਵਨ ਦੀਆਂ ਮਹੱਤਵ ਪੂਰਨ ਘਟਨਾਵਾਂ, ਉਨ੍ਹਾਂ ਦੀ ਹੀ ਜ਼ਬਾਨੀ, ਰੀਕਾਰਡ ਕਰ ਲੈਣ ਦਾ ਉਪਰਾਲਾ ਕੀਤਾ। ਮਾਸਟਰ ਤਾਰਾ ਸਿੰਘ ਵਰਤਮਾਨ ਸਿੱਖ ਇਤਿਹਾਸ ਦੇ ਯੁੱਗ ਪੁਰਸ਼ ਹੋਏ ਹਨ, ਇਸ ਲਈ ਮਾਸਟਰ ਜੀ ਨਾਲ ਭੇਂਟ ਤੋਂ ਬਿਨਾਂ ਮੇਰਾ ਇਹ ਸਾਰਾ ਕੰਮ ਅਧੂਰਾ ਰਹਿ ਜਾਣਾ ਸੀ। ਇਸ ਸ਼੍ਰੋਮਣੀ ਸਿੱਖ ਨੇਤਾ ਨਾਲ ਮੁਲਾਕਾਤ ਦਾ ਆਪਣਾ ਹੀ ਸੁਆਦ ਸੀ। ਮੈਂ ਜਦੋਂ ਉਨ੍ਹਾਂ ਨਾਲ ਇਤਿਹਾਸ ਦੀ ਸੰਭਾਲ ਦੀ ਚਰਚਾ ਚਲਾਈ ਤਾਂ ਉਨ੍ਹਾਂ ਨੇ ਹੱਸ ਕੇ ਕਿਹਾ, "ਇਤਿਹਾਸ ਵੀ ਕਦੇ ਠੀਕ ਲਿਖਿਆ ਜਾਂਦਾ ਹੈ।" ਅਸਲ ਵਿਚ ਮਾਸਟਰ ਤਾਰਾ ਸਿੰਘ ਦੀ ਇਤਿਹਾਸ ਪ੍ਰਤੀ ਦ੍ਰਿਸ਼ਟੀ ਬੇਰੁਖ਼ੀ ਜਿਹੀ ਹੀ ਸੀ। ਬੀਤੀਆਂ ਘਟਨਾਵਾਂ ਦੀ ਗੱਲਬਾਤ ਚਲਣ ਤੇ ਉਨ੍ਹਾਂ ਨੇ ਮੈਨੂੰ ਕਿਹਾ, "ਜੇਕਰ ਇਤਿਹਾਸ ਬਣਾਉਣ ਵਾਲੇ ਨੂੰ ਚੇਤੰਨ ਕਰ ਦਿੱਤਾ ਜਾਵੇ ਕਿ ਉਹ ਇਤਿਹਾਸਕ ਘਟਨਾਵਾਂ ਵਿਚ ਇਕ ਵੱਡਾ ਪਾਤਰ ਹੈ ਤਾਂ ਉਹ ਇਤਿਹਾਸ ਬਣਾ ਹੀ ਨਹੀਂ ਸਕਦਾ।" ਫੇਰ ਵੀ ਮਾਸਟਰ ਜੀ ਨੇ ਮੇਰੀ ਬੇਨਤੀ ਮੰਨ ਕੇ, ਆਪਣੇ ਰੁਝੇਵਿਆਂ ਵਿਚੋਂ ਮੈਨੂੰ ਕੁਝ ਸਮਾਂ ਦੇ ਹੀ ਦਿੱਤਾ।

ਵਰਤਮਾਨ ਸਿੱਖ ਰਾਜਨੀਤੀ ਲਗ ਪਗ ਤੀਹ ਸਾਲ ਮਾਸਟਰ ਤਾਰਾ ਸਿੰਘ ਦੀ ਵਿਅਕਤੀ ਦੁਆਲੇ ਘੁੰਮਦੀ ਰਹੀ ਹੈ। ਇਸੇ ਲਈ ਇਸ ਸਮੇਂ ਦੀਆਂ ਘਟਨਾਵਾਂ ਨਾਲ ਸਬੰਧਤ ਕਈ ਔਖਵੇਂ ਪ੍ਰਸ਼ਨ ਮੈਂ ਮਾਸਟਰ ਜੀ ਤੋਂ ਪੁੱਛੇ ਤੇ ਇਨ੍ਹਾਂ ਦੇ ਉੱਤਰ ਲਿੱਖ ਲਏ। ਹੁਣ ਤੱਕ ਇਸ ਮੁਲਾਕਾਤ ਦੇ ਨੋਟ ਮੇਰੇ ਕੋਲ ਸੁਰੱਖਿਅਤ ਪਏ ਹਨ। ਮੁੱਢ ਤੋਂ ਹੀ ਮੇਰਾ ਇਹ ਵਿਚਾਰ ਸੀ ਕਿ ਇਸ ਦੁਰਲਭ ਤੇ ਵਡਮੁੱਲੇ ਇਤਿਹਾਸਕ ਮਸਾਲੇ ਨੂੰ ਮੈਂ ਆਪਣੀ ਕਿਸੇ ਕਿਰਤ ਵਿਚ ਸ਼ਾਮਲ ਕਰ ਦਿਆਂ, ਪਰ ਅਵੇਸਲੇ ਸੁਭਾ ਤੇ ਹੋਰ ਕਈ ਰੁਝੇਵਿਆਂ ਕਾਰਨ ਅਜਿਹਾ ਨਾ ਹੋ ਸਕਿਆ। ਮਾਸਟਰ ਜੀ ਦੇ ਚੜ੍ਹਾਈ ਕਰ ਜਾਣ ਤੇ ਮੈਂ ਆਪਣੀ ਅਨਗਹਿਲੀ ਸਬੰਧੀ ਸੁਚੇਤ ਹੋ ਗਿਆ। ਹੁਣ ਇਸ ਪੁਸਤਕ ਵਿਚ ਮੈਂ ਇਹ ਸਮਿੱਗਰੀ ਵਰਤ ਕੇ ਇਤਿਹਾਸ ਦੇ ਵਿਦਿਆਰਥੀ ਵਾਲੀ ਜ਼ਿਮੇਵਾਰੀ ਨੂੰ ਨਿਬਾਹ ਦਿੱਤਾ ਹੈ। ਇਸ ਪ੍ਰਕਾਰ ਇਹ

ਪੁਸਤਕ ਮੇਰੀ ਮਾਸਟਰ ਜੀ ਨਾਲ ਹੋਈ ਮੁਲਾਕਾਤ ਤੇ ਇਤਿਹਾਸਕ ਘਟਨਾਵਾਂ ਸਬੰਧੀ ਵਿਚਾਰ-ਵਟਾਂਦਰੇ ਦਾ ਫਲ-ਸਰੂਪ ਹੈ ।

ਮਾਸਟਰ ਜੀ ਵਲੋਂ ਦੱਸੇ ਗਏ ਘਟਨਾਵਾਂ ਦੇ ਵੇਰਵਿਆਂ ਦਾ ਤਾਲ-ਮੇਲ ਮੈਂ ਹੁਣ ਤਕ ਛਪੀਆਂ ਪੁਸਤਕਾਂ ਨਾਲ ਵੀ ਕੀਤਾ ਹੈ । ਇਸ ਤੋਂ ਪਤਾ ਲਗਦਾ ਹੈ ਕਿ ਕਈ ਘਟਨਾਵਾਂ ਜਾਂ ਤੇ ਸਮਕਾਲੀ ਇਤਿਹਾਸ ਲਿਖਣ ਵਾਲਿਆਂ ਦੇ ਧਿਆਨ ਗੋਚਰੀਆਂ ਨਹੀਂ ਹੋਈਆਂ ਅਤੇ ਜਾਂ ਉਨ੍ਹਾਂ ਨੇ ਮਾਸਟਰ ਜੀ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਤੇ ਪਰਖਣ ਦਾ ਜਤਨ ਨਹੀਂ ਕੀਤਾ । ਇਸ ਸਬੰਧ ਵਿਚ ਭਾਰਤ ਦੀ ਫ਼ਿਰਕੂ ਸਮੱਸਿਆ ਨੂੰ ਸੁਲਝਾਉਣ ਲਈ 1942 ਈਸਵੀ ਵਿਚ ਹੋਏ ਜਤਨ ਅਤੇ ਇਨ੍ਹਾਂ ਸਬੰਧੀ ਪੰਜਾਬੀ ਹਿੰਦੂ ਦੇ ਰਵੱਈਏ ਦਾ ਜੋ ਹਾਲ ਮਾਸਟਰ ਜੀ ਪਾਸੋਂ ਮਿਲਿਆ ਹੈ ਉਹ ਵਿਸ਼ੇਸ਼ ਇਤਿਹਾਸਕ ਮਹੱਤਤਾ ਰਖਦਾ ਹੈ* । ਇਸੇ ਤਰ੍ਹਾਂ ਕਾਂਗਰਸੀ ਨੇਤਾਵਾਂ ਦੀ ਸਿੱਖਾਂ ਪ੍ਰਤੀ ਬੇਰੁਖ਼ੀ ਅਤੇ ਇਸ ਨੀਤੀ ਬਾਰੇ ਮਾਸਟਰ ਤਾਰਾ ਸਿੰਘ ਦੇ ਪ੍ਰਤੀਕਰਮ ਵੀ ਵਰਨਣ ਯੋਗ ਹਨ† । 1956 ਈਸਵੀ ਤੋਂ ਪਿਛੋਂ ਦੇ ਇਤਿਹਾਸ ਲਈ ਵੀ ਮੂਲ ਸੋਮਿਆਂ ਤੇ ਹੱਥ ਪਸਾਰਨ ਦਾ ਜਤਨ ਕੀਤਾ ਹੈ। ਇਸ ਖੇਤਰ ਵਿਚ ਮਾਸਟਰ ਜੀ ਦੇ ਅਣਛੱਪੇ ਨਿੱਜੀ ਨੋਟ ਤੇ ਉਨ੍ਹਾਂ ਦੀ ਅਣਛਪੀ ਸਵੈ-ਜੀਵਨੀ ਮੈਨੂੰ ਪਹਿਲੀ ਵੇਰ ਦੇਖਣ ਦਾ ਮਾਣ ਪ੍ਰਾਪਤ ਹੈ ।

ਸਮੁੱਚੇ ਤੌਰ ਤੇ ਇਸ ਛੋਟੀ ਜਿਹੀ ਪੁਸਤਕ ਰਾਹੀਂ ਮਾਸਟਰ ਤਾਰਾ ਸਿੰਘ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਨੂੰ ਸਿੱਖ ਇਤਿਹਾਸ ਦੀਆਂ ਗੌਰਵ-ਮਈ ਘਟਨਾਵਾਂ ਦੀ ਲੜੀ ਵਿਚ ਪ੍ਰੋਣ ਦਾ ਜਤਨ ਕੀਤਾ ਗਿਆ ਹੈ ।

ਇਹ ਇਕ ਮੰਨੀ-ਪ੍ਰਮੰਨੀ ਸੱਚਾਈ ਹੈ ਕਿ ਸਮਕਾਲੀ ਇਤਿਹਾਸ ਲਿਖਣਾ ਕਠਨ ਹੁੰਦਾ ਹੈ। ਇਸ ਵਿਚ ਇਤਿਹਾਸ ਲਿਖਣ ਵਾਲਾ ਆਪ ਵੀ ਪਾਤਰ ਬਣ ਜਾਂਦਾ ਹੈ । ਮਾਸਟਰ ਤਾਰਾ ਸਿੰਘ ਦੇ ਇਤਿਹਾਸਕਾਰ ਲਈ ਇਹ ਕਠਨਾਈ ਵਧੇਰੇ ਹੈ । ਮਾਸਟਰ ਤਾਰਾ ਸਿੰਘ ਦੀਆਂ ਸਰਗਰਮੀਆਂ ਦਾ ਖੇਤਰ ਇਤਨਾ ਵਿਸ਼ਾਲ ਸੀ ਕਿ ਉਨ੍ਹਾਂ ਦੇ ਅਧਿਐਨ ਤੋਂ ਕਈ ਤਰ੍ਹਾਂ ਦੇ ਵੱਖ ਵੱਖ ਨਿਰਣੇ ਕੱਢੇ ਜਾ ਸਕਦੇ ਹਨ । ਭਾਰਤ ਦੇ ਰਾਜਸੀ ਪਿੜ ਵਿਚ ਮਾਸਟਰ ਤਾਰਾ ਸਿੰਘ ਵਿਰਲੀਆਂ ਵਿਵਾਦ ਗ੍ਰਹਿਸਤ-ਵਿਅਕਤੀਆਂ ਵਿਚੋਂ ਸੀ ।

---

*ਵੇਰਵੇ ਲਈ ਦੇਖੋ ਪੰਨਾ ੩੯-੪੦, ਇਹ ਹਾਲ ਮਾਸਟਰ ਜੀ ਦੀ ਪੁਸਤਕ 'ਮੇਰੀ ਯਾਦ' ਵਿਚ ਵੀ ਨਹੀਂ ਹੈ ।

†ਦੇਖੋ ਪੰਨਾ ੩੩-੩੫.

ਇਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਮੈਂ ਮਾਸਟਰ ਤਾਰਾ ਸਿੰਘ ਦੀਆਂ ਨੀਤੀਆਂ ਅਤੇ ਉਨ੍ਹਾਂ ਦੀ ਵਿਅਕਤੀ ਨੂੰ ਵੀਹਵੀਂ ਸਦੀ ਵਿਚ ਸਿਖ-ਘੱਟ-ਗਿਣਤੀ ਦੀਆਂ ਕਠਨਾਈਆਂ ਤੇ ਮਜਬੂਰੀਆਂ ਦੇ ਪਰਸੰਗ ਵਿਚ ਪੇਸ਼ ਕੀਤਾ ਹੈ। ਇਸ ਪੱਖੋਂ ਮਾਸਟਰ ਤਾਰਾ ਸਿੰਘ ਦੀ ਵਿਅਕਤੀ ਆਪ-ਮੁਹਾਰੇ ਹੀ ਚਮਕ ਉਠਦੀ ਹੈ। ਮੇਰੇ ਵਿਚਾਰ ਅਨੁਸਾਰ ਮਾਸਟਰ ਜੀ ਦੇ ਜੀਵਨ ਦਾ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਅਧਿਐਨ ਕਰਨ ਲਈ ਇਸ ਅਸਲੀਅਤ ਨੂੰ ਮੁੱਖ ਰੱਖਣਾ ਜ਼ਰੂਰੀ ਹੋਵੇਗਾ।

ਆਕਾਰ ਤੋਂ ਇਹ ਪੁਸਤਕ ਮਮੂਲੀ ਸਰਵੇਖਣ ਤੋਂ ਵਧੀਕ ਨਹੀਂ, ਪਰ ਇਸ ਦੀ ਤਿਆਰੀ ਲਈ ਲੇਖਕ ਨੂੰ ਆਪਣੇ ਕਈ ਮਿੱਤਰਾਂ ਦਾ ਸਹਿਯੋਗ ਤੇ ਅਗਵਾਈ ਪ੍ਰਾਪਤ ਕਰਨੀ ਪਈ ਹੈ। ਮਾਸਟਰ ਤਾਰਾ ਸਿੰਘ ਜੀ ਦੇ ਸਪੁੱਤਰ ਸ: ਜਸਵੰਤ ਸਿੰਘ ਨੇ ਮਾਸਟਰ ਜੀ ਦੇ ਅੰਤਲੇ ਦਿਨਾਂ ਦੇ ਪਰਾਈਵੇਟ ਨੋਟ ਅਤੇ ਉਨ੍ਹਾਂ ਦੀ ਅਣਛੱਪੀ ਸਵੈ-ਜੀਵਨੀ ਲੇਖਕ ਨੂੰ ਦਿਖਾਉਣ ਵਿਚ ਜ਼ਰਾ ਵੀ ਢਿੱਲ ਨਾ ਕੀਤੀ ਅਤੇ ਮਾਸਟਰ ਜੀ ਦੇ ਸੁਭਾ ਬਾਰੇ ਕਈ ਦਿਲਚਸਪ ਗੱਲਾਂ ਵੀ ਸੁਣਾਈਆਂ। ਸ: ਮਨਜੀਤ ਸਿੰਘ 'ਸੰਤ ਸਿਪਾਹੀ' ਅੰਮ੍ਰਿਤਸਰ, ਜੋ ਕਈ ਸਾਲ ਮਾਸਟਰ ਜੀ ਦੇ ਨਿੱਜੀ ਸਹਾਇਕ (ਪੀ. ਏ.) ਵੀ ਰਹੇ ਹਨ, ਨੇ ਇਸ ਪੁਸਤਕ ਦੇ ਖਰੜੇ ਨੂੰ ਪੜ੍ਹ ਕੇ ਕਈ ਵਡਮੁੱਲੇ ਸੁਝਾਅ ਦਿਤੇ, ਜਿਨ੍ਹਾਂ ਨੂੰ ਪੁਸਤਕ ਵਿਚ ਸ਼ਾਮਲ ਕਰ ਲਿਆ ਗਿਆ ਹੈ। ਡਾਕਟਰ ਕ੍ਰਿਸ਼ਨ ਲਾਲ ਸਚਦੇਵ, ਲੈਕਚਰਾਰ, ਡੀ. ਏ. ਵੀ. ਕਾਲਜ ਜਲੰਧਰ ਤੇ ਸ: ਕੁਲਵੰਤ ਸਿੰਘ ਲਾਇਬ੍ਰੇਰੀਅਨ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਨੇ ਕੁਝ ਦੁਰਲਭ ਪੁਸਤਕਾਂ ਪ੍ਰਾਪਤ ਕਰਨ ਵਿਚ ਲੇਖਕ ਦੀ ਉਚੇਚੀ ਸਹਾਇਤਾ ਕੀਤੀ ਹੈ। ਲੇਖਕ ਇਨ੍ਹਾਂ ਸਭ ਸਜਨਾਂ ਦਾ ਹਾਰਦਿਕ ਧੰਨਵਾਦ ਕਰਦਾ ਹੈ।

ਇਥੇ ਇਹ ਵਰਨਣ ਕਰ ਦੇਣਾ ਵੀ ਜ਼ਰੂਰੀ ਲਗਦਾ ਹੈ ਕਿ ਪ੍ਰਿੰਸੀਪਲ ਰਾਮ ਸਿੰਘ ਜੀ ਸਚਦੇਵ ਦੀ ਲੇਖਕ ਪ੍ਰਤੀ ਸਰਪ੍ਰਸਤੀ, ਪ੍ਰੇਰਨਾ ਤੇ ਉਦਾਰਚਿੱਤ ਸਲੂਕ ਤੋਂ ਬਿਨਾਂ ਸ਼ਾਇਦ ਇਹ ਪੁਸਤਕ ਪਾਠਕਾਂ ਦੇ ਹੱਥਾਂ ਤੱਕ ਨਾ ਪੁਜ ਸਕਦੀ। ਇਸ ਲਈ ਲੇਖਕ ਉਨ੍ਹਾਂ ਦਾ ਵੀ ਰਿਣੀ ਹੈ।

ਇਤਿਹਾਸ ਵਿਭਾਗ
ਲਾਇਲਪੁਰ ਖ਼ਾਲਸਾ ਕਾਲਜ
ਜਲੰਧਰ
ਜੂਨ 15, 1968


ਪ੍ਰਿਥੀਪਾਲ ਸਿੰਘ ਕਪੂਰ

# ਤਤਕਰਾ



| | |
|---|---|
| ਬਚਪਨ | ੯ |
| ਸਿੰਘ ਸਜਣਾ | ੧੦ |
| ਅਣਖ ਦੀ ਪਰਖ | ੧੩ |
| ਤਾਰਾ ਸਿੰਘ ਮਾਸਟਰ | ੧੪ |
| ਸਿੱਖ ਰਾਜਨੀਤੀ ਵਿਚ ਪਰਵੇਸ਼ | ੧੫ |
| ਗੁਰਦੁਆਰਾ ਸੁਧਾਰ ਲਹਿਰ ਤੇ ਰੋਜ਼ਾਨਾ 'ਅਕਾਲੀ' | ੧੭ |
| ਸੈਂਟਰਲ ਸਿਖ ਲੀਗ | ੧੯ |
| ਸਾਕਾ ਨਨਕਾਣਾ ਸਾਹਿਬ ਤੇ ਜੀਵਨ-ਦਾਨ | ੧੯ |
| ਕੁੰਜੀਆਂ ਦਾ ਮੋਰਚਾ | ੨੦ |
| ਬੇਲਾਗ ਰਾਜਨੀਤੀ | ੨੧ |
| ਨਾਭੇ ਦਾ ਮੋਰਚਾ | ੨੨ |
| ਸਵੈਮਾਣ ਤੇ ਗੁਰਦੁਆਰਾ ਅਕਟ | ੨੩ |
| ਮਾਸਟਰ ਜੀ ਤੇ ਕਾਂਗਰਸ | ੨੫ |
| ਸਿੱਖ ਧੜੇਬੰਦੀ ਤੇ ਤਾਰਾ ਸਿੰਘ | ੩੨ |
| ਵਿਸ਼ਵ ਯੁੱਧ | ੩੩ |
| ਪਾਕਿਸਤਾਨ | ੩੫ |
| ਮਾ: ਤਾਰਾ ਸਿੰਘ ਤੇ ਸਰ ਸਿਕੰਦਰ | ੩੬ |
| ਆਜ਼ਾਦ ਪੰਜਾਬ ਤੇ ਗੋਲਮੇਜ਼ ਕਾਨਫ੍ਰੰਸ | ੪੦ |
| ਪੰਜਾਬ ਦੀ ਵੰਡ | ੪੩ |
| ਸਿੱਖ ਹੋਮਲੈਂਡ | ੪੯ |
| ਅਕਾਲ ਸੈਨਾ | ੫੧ |
| ਨਵੇਂ ਘੋਲ ਦਾ ਅਰੰਭ | ੫੨ |
| ਦਲਿਤ ਸ਼੍ਰੇਣੀਆਂ ਲਈ ਹੱਕ | ੫੫ |
| ਪੰਜਾਬੀ ਸੂਬੇ ਦੀ ਮੰਗ | ੫੭ |
| ਗੁਰਦੁਆਰਿਆਂ ਵਿਚ ਸਰਕਾਰੀ ਦਖ਼ਲ | ੬੦ |
| ਰਿਜੀਨਲ ਫ਼ਾਰਮੂਲਾ | ੬੨ |
| ਅੰਤਮ ਸੰਘਰਸ਼ | ੬੫ |
| ਆਚਰਨ | ੭੩ |
| ਮਹੱਤਵ-ਪੂਰਨ ਤਰੀਕਾਂ | ੮੧ |




ਅੰਮ੍ਰਿਤਸਰ ਦੀ ਇਤਿਹਾਸਕ ਅਕਾਲੀ ਕਾਨਫ੍ਰੰਸ ੧੯੫੬ ਸਮੇਂ ਮਾਸਟਰ ਤਾਰਾ ਸਿੰਘ ਦੇ ਪ੍ਰਧਾਨਗੀ ਜਲੂਸ ਦਾ ਇਕ ਦ੍ਰਿਸ਼ ।



ਮਾਸਟਰ ਤਾਰਾ ਸਿੰਘ ਤੇ ਸੰਤ ਫ਼ਤਹ ਸਿੰਘ, ਮਿਸਟਰ ਕਰੰਜੀਆ ਐਡੀਟਰ 'ਬਲਿਟਜ਼' ਤੇ ਹੋਰ ਪੱਤਰਕਾਰਾਂ ਨਾਲ ।




ਮਾਸਟਰ ਤਾਰਾ ਸਿੰਘ ਜੱਥੇਦਾਰ ਊਧਮ ਸਿੰਘ ਨਾਗੋਕੇ, ਮਿਸਟਰ ਜੋਧ ਤੇ ਗਿਆਨੀ ਭੂਪਿੰਦਰ ਸਿੰਘ ਨਾਲ ।



ਉਪਰ:—
ਮਾਸਟਰ ਤਾਰਾ ਸਿੰਘ ਦੀ ਲਲਕਾਰ,
ਲਾਗੇ ਜੱਥੇਦਾਰ ਸੰਤੋਖ ਸਿੰਘ ਬੈਠੇ ਹਨ

ਹੇਠ:—
ਰਾਜਗੁਪਾਲ ਆਚਾਰੀਆ ਮਾਸਟਰ ਜੀ
ਨਾਲ ਵਿਚਾਰ ਕਰ ਰਹੇ ਹਨ।



# ਮਾਸਟਰ ਤਾਰਾ ਸਿੰਘ

ਬਚਪਨ–

ਨਾਨਕ ਚੰਦ ਸੁਨੱਖਾ ਬਹੁਤ ਸੀ। ਨੀਲੀਆਂ ਅੱਖਾਂ, ਗੋਰੇ ਰੰਗ ਤੇ ਰੁਅਬ ਵਾਲੀ ਅਵਾਜ਼ ਨਾਲ, ਉਹ ਸੱਚ-ਮੁੱਚ ਹੀ ਹਾਕਮ ਸ਼੍ਰੇਣੀ ਦੇ ਅੰਗਰੇਜ਼ਾਂ ਵਰਗਾ ਹੀ ਜਾਪਦਾ ਸੀ। ਸੁਭਾ ਦਾ ਉਹ ਜਮਾਂਦਰੂ ਹੀ ਕੌੜਾ ਤੇ ਧੁੰਨ ਦਾ ਪੱਕਾ ਸੀ। ਉਸ ਦੀ ਮਾਂ ਮੂਲਾਂ ਦੇਵੀ ਤੇ ਪਿਤਾ ਬਖ਼ਸ਼ੀ ਗੋਪੀ ਚੰਦ, ਠੀਕ ਤੌਰ ਤੇ ਹੀ ਉਸ ਨੂੰ ਅਸਧਾਰਨ ਤੇ ਹੋਣਹਾਰ ਬੱਚਾ ਜਾਣਦੇ ਸਨ। ਹਰ ਸਮੇਂ ਅੱਖਾਂ ਦੇ ਭਰਵਟੇ ਉਤਾਂਹ ਚੁੱਕ ਕੇ ਹਰ ਗੱਲ ਵੱਲ ਘੋਖਵੀਂ ਦ੍ਰਿਸ਼ਟੀ ਰੱਖਣਾ, ਨਾਨਕ ਚੰਦ ਦੀ ਆਦਤ ਸੀ, ਜਿਸ ਨੂੰ ਉਸ ਦੇ ਘਰ ਦੇ ਉੱਕਾ ਹੀ ਪਸੰਦ ਨਹੀਂ ਕਰਦੇ ਸਨ। ਜਿਉਂ ਜਿਉਂ ਨਾਨਕ ਚੰਦ ਵੱਡਾ ਹੋਇਆ, ਉਸ ਦੀ ਮੁਢਲੀ ਪਾਰਖੂ ਖੋ ਉਸ ਲਈ ਕਈ ਮਨੋ-ਵਿਗਿਆਨਕ ਉਲਝਣਾਂ ਪੈਦਾ ਕਰਦੀ ਗਈ। ਪਰਵਾਰ ਦੀ ਧਰਮ ਪ੍ਰਤੀ ਰੀਤਕ ਦ੍ਰਿਸ਼ਟੀ ਨੇ ਉਸ ਦੇ ਮਨ ਵਿਚ ਕਈ ਭਰਮ ਪੈਦਾ ਕਰ ਦਿੱਤੇ। 'ਗੁਰੂ ਨਾਨਕ ਵੱਡਾ ਹੈ ਜਾਂ ਦੇਵੀ' ਆਦਿ ਵਰਗੇ ਕਈ ਪ੍ਰਸ਼ਨ ਉਹ ਆਪਣੀ ਮਾਂ ਤੋਂ ਪੁੱਛਦਾ ਰਹਿੰਦਾ ਸੀ*। ਨਾਨਕ ਚੰਦ ਦਾ ਵੱਡਾ ਭਰਾ, ਉਸ ਦੀਆਂ ਇਨ੍ਹਾਂ ਪੁੱਛਾਂ ਤੋਂ ਖਿੱਝ ਜਾਂਦਾ ਸੀ। ਇਸੇ ਲਈ ਨਾਨਕ ਚੰਦ ਨੂੰ ਘਰ ਵਿਚ ਉਸ ਦੀ ਪ੍ਰਭੁਤਾ ਉੱਕਾ ਹੀ ਨਹੀਂ ਭਾਉਂਦੀ ਸੀ।

ਨਾਨਕ ਚੰਦ ਨੇ ਜਦੋਂ ਪਿੰਡ ਦੇ ਵਿਦਿਆਲੇ ਵਿਚੋਂ ਆਪਣੀ ਪੜ੍ਹਾਈ ਮੁਕਾ ਲਈ ਤਾਂ ਉਸ ਦੀ ਤੀਖਣ ਬੁੱਧੀ ਵੱਲ ਦੇਖ ਕੇ, ਪਿਤਾ ਨੇ ਉਸ ਨੂੰ ਮਿਸ਼ਨ ਸਕੂਲ ਰਾਵਲਪਿੰਡੀ (ਵਰਤਮਾਨ ਪੱਛਮੀ ਪਾਕਿ-ਸਤਾਨ) ਵਿਖੇ ਭੇਜ ਦਿਤਾ। ਪੜ੍ਹਾਈ ਵਿਚ ਲਾਇਕ ਹੋਣ ਕਰਕੇ,

*ਮਾਸਟਰ ਤਾਰਾ ਸਿੰਘ—ਮੇਰੀ ਯਾਦ, 11

ਨਾਨਕਚੰਦ ਸ਼ੀਘਰ ਹੀ ਆਪਣੇ ਨਵੇਂ ਸਕੂਲ ਦੇ ਸਾਥੀ-ਵਿਦਿਆਰਥੀਆਂ ਤੇ ਅਧਿਆਪਕਾਂ ਵਿਚ ਸਤਿਕਾਰਿਆ ਜਾਣ ਲੱਗਾ। ਪਰ ਧਰਮ-ਵਿਦਿਆ ਦਾ ਅਧਿਆਪਕ ਉਸ ਤੋਂ ਡਾਢਾ ਤੰਗ ਆਇਆ। ਜਮਾਤ ਵਿਚ ਹੀ ਈਸਾਈ ਮੱਤ ਬਾਰੇ ਘੋਖਵੇਂ ਤੇ ਸ਼ੰਕੇ-ਭਰਪੂਰ ਪ੍ਰਸ਼ਨ ਪੁੱਛ ਕੇ, ਨਾਨਕ ਚੰਦ ਉਸ ਨੂੰ ਪਿੱਟਣਹਾਕਾ ਕਰ ਦੇਂਦਾ। ਕਈ ਵੇਰ ਨਾਨਕ ਚੰਦ, ਸਨਾਤਨੀ ਹਿੰਦੂ ਤੇ ਈਸਾਈ ਧਰਮਾਂ ਵੱਲ ਖਿੱਚਿਆ ਗਿਆ, ਪਰ ਦੇਵੀਆਂ ਦੇ ਨਾਚ ਵਿਚੋਂ ਪਖੰਡ ਤੇ ਈਸਾਈ ਮੱਤ ਵਿਚ ਜੀਵਨ ਦੇ ਯਥਾਰਥੀ ਅੰਗ ਦੀ ਘਾਟ ਵੇਖ ਕੇ, ਉਹ ਨਿਰਾਸ ਹੋ ਜਾਂਦਾ। ਇਸ ਨਿਰਾਸਤਾ ਨੇ ਉਸ ਨੂੰ ਵਿਚਾਰਸ਼ੀਲ ਬਣਾ ਦਿੱਤਾ।

## ਸਿੰਘ ਸਜਣਾ–

ਇਕ ਵਾਰੀ ਜਦ ਛੁੱਟੀਆਂ ਵਿਚ ਉਹ ਆਪਣੇ ਪਿੰਡ ਗਿਆ ਤਾਂ ਧਰਮਸਾਲ ਵਿਚੋਂ ਉਸ ਨੂੰ ਪੰਥ ਪ੍ਰਕਾਸ਼ ਦੀ ਕਥਾ ਸੁਣਨ ਦਾ ਅਵਸਰ ਹੋਇਆ। ਸਿੱਖਾਂ ਦੀ ਦ੍ਰਿੜ੍ਹਤਾ ਤੇ ਕੁਰਬਾਨੀ ਦੀਆਂ ਗਾਥਾਵਾਂ ਨੇ ਉਸ ਨੂੰ ਸਿੱਖ ਧਰਮ ਵੱਲ ਪ੍ਰੇਰਿਆ। ਇਸ ਤਰ੍ਹਾਂ ਨਾਨਕ ਚੰਦ ਨੇ ਆਪਣੇ ਆਪ ਨੂੰ ਅਧੋਗਤੀ ਵਿਚੋਂ ਕੱਢਣ ਲਈ ਸਿੱਖ ਧਰਮ ਗ੍ਰਹਿਣ ਕਰਨ ਦਾ ਨਿਸਚਾ ਕਰ ਲਿਆ। ਪਰ ਜਦੋਂ ਉਸ ਨੇ ਆਪਣੇ ਨਵੇਂ ਨਿਸਚੇ ਸਬੰਧੀ ਗੱਲ ਖੋਲ੍ਹੀ ਤਾਂ ਉਸ ਦੇ ਪਿਤਾ ਨੇ ਤੇ ਇਕ ਬ੍ਰਾਹਮਣ ਅਧਿਆਪਕ ਨੇ ਉਸ ਦੇ ਉਤਸ਼ਾਹ ਨੂੰ ਮਾਰਨਾ ਚਾਹਿਆ। ਨਾਨਕ ਚੰਦ ਦੀ ਸਿੱਖਾਂ ਲਈ ਉਪਜੀ ਖਿੱਚ ਭਾਵੇਂ ਉਸ ਸਮੇਂ ਤਾਂ ਪਿਤਾ ਦੇ ਡਰ ਕਾਰਨ ਮੱਠੀ ਪੈ ਗਈ, ਪਰ ਇਸ ਤੋਂ ਪਿਛੋਂ ਦਿਨੋ ਦਿਨ ਇਹ ਖਿੱਚ ਸ਼ਰਧਾ ਵਿਚ ਹੀ ਬਦਲਦੀ ਗਈ। ਇਕ ਵੇਰ ਆਪਣੇ ਪਿੰਡ ਹਰਿਆਲ ਤੋਂ ਰਾਵਲਪਿੰਡੀ ਆਉਂਦਿਆਂ ਨਾਨਕ ਚੰਦ ਆਪਣੇ ਸਾਥੀ ਮਿੱਤਰਾਂ ਨਾਲ ਡੇਰਾ ਖ਼ਾਲਸਾ ਜਾ ਨਿਕਲਿਆ, ਜਿਥੇ ਸਿੱਖਾਂ ਦੇ ਪਰਸਿੱਧ ਪ੍ਰਚਾਰਕ ਸੰਤ ਅਤਰ ਸਿੰਘ ਜੀ ਆਏ ਹੋਏ ਸਨ। ਸੰਤ

ਅਤਰ ਸਿੰਘ ਜੀ ਦੀ ਵਿਅਕਤੀ ਤੋਂ ਪ੍ਰਭਾਵਤ ਹੋ ਕੇ ਉਸ ਨੇ ਉਥੇ ਅੰਮ੍ਰਿਤ ਛੱਕ ਲਿਆ ਤੇ ਸਿੰਘ ਸਜ ਕੇ ਨਵਾਂ ਨਾਂ ਤਾਰਾ ਸਿੰਘ ਧਾਰਨ ਕਰ ਲਿਆ। ਗਾਤਰੇ ਵਾਲੀ ਕਿਰਪਾਨ ਪਾਈ ਤੇ ਹੱਥ ਵਿਚ ਗੁਟਕਾ ਫੜੀ ਜਦੋਂ ਤਾਰਾ ਸਿੰਘ ਘਰ ਪੁਜਾ ਤਾਂ ਉਸ ਨੂੰ ਆਪਣੇ ਪਿਤਾ ਤੇ ਵੱਡੇ ਭਰਾ ਗੰਗਾ ਰਾਮ ਦਾ ਡਾਢਾ ਕਰੋਧ ਝਲਣਾ ਪਿਆ। ਨਿਸਚੇ ਹੀ ਤਾਰਾ ਸਿੰਘ ਨੇ ਕਰਾਂਤੀਕਾਰੀ ਕਦਮ ਚੁੱਕ ਲਿਆ ਸੀ। ਇਸ ਤੇ ਸਭ ਤੋਂ ਔਖਾ ਉਸ ਦਾ ਵੱਡਾ ਭਰਾ ਸੀ। ਪਰ ਉਸ ਨੂੰ ਵੀ ਕੀ ਪਤਾ ਸੀ ਕਿ ਆਉਂਦੇ ਸਮੇਂ ਵਿਚ ਤਾਰਾ ਸਿੰਘ ਦਾ ਦ੍ਰਿੜ੍ਹ ਨਿਸਚਾ ਤੇ ਅਥਾਹ ਸਿੱਖੀ ਜੋਸ਼ ਉਸ ਨੂੰ ਵੀ ਆਪਣੇ ਵਹਿਣ ਦੇ ਨਾਲ ਹੀ ਲੈ ਜਾਵੇਗਾ। ਪਿਤਾ ਨੇ ਤਾਂ ਇਸ ਨੂੰ ਘੋਰ ਅਵੱਗਿਆ ਸਮਝ ਕੇ ਤਾਰਾ ਸਿੰਘ ਨੂੰ ਘਰੋਂ ਹੀ ਨਿਕਲ ਜਾਣ ਦੀ ਤਾੜਨਾ ਕਰ ਦਿੱਤੀ। ਤਾਰਾ ਸਿੰਘ ਆਪਣੇ ਨਿਸਚੇ ਦਾ ਦ੍ਰਿੜ੍ਹ ਸੀ। ਉਸ ਨੇ ਭਰਾ ਦੀਆਂ ਝਾੜਾਂ ਅਤੇ ਪਿਤਾ ਦੇ ਕਰੋਧ ਦੀ ਉੱਕਾ ਪ੍ਰਵਾਹ ਨਾ ਕੀਤੀ ਤੇ ਘਰ ਦਾ ਕਲੇਸ਼ ਨਵਿਰਤ ਕਰਨ ਲਈ ਉਹ ਘਰੋਂ ਨਿਕਲ ਤੁਰਿਆ। ਜੇਬ ਵਿਚ ਪੈਸਾ ਇਕ ਵੀ ਨਹੀਂ ਸੀ, ਤਨ ਦੇ ਕਪੜਿਆਂ ਤੋਂ ਛੁੱਟ ਉਸ ਕੋਲ ਹੋਰ ਕੋਈ ਸੰਪਤੀ ਵੀ ਨਹੀਂ ਸੀ। ਪਰ ਉਸ ਕੋਲ ਹੁਣ, ਸਾਰੇ ਜੀਵਨ ਲਈ ਇਕ ਅਮੋਲਕ ਵਸਤੂ ਸੀ ਤੇ ਉਹ ਸੀ ਆਪਣੇ ਨਿਸਚੇ ਵਿਚ ਦ੍ਰਿੜ੍ਹ ਵਿਸ਼ਵਾਸ। ਇਸੇ ਲਈ ਉਹ ਨਿਰਭੈ ਬਣ ਚੁਕਾ ਸੀ ਤੇ ਯੋਧਾ ਬਣਨ ਲਈ ਉਹ ਪਿੰਡੋਂ ਨਿਕਲ ਤੁਰਿਆ। ਪਤਾ ਨਹੀਂ ਉਸ ਦੇ ਮਨ ਵਿਚ ਕੀ ਸੀ ਅਤੇ ਉਸ ਨੇ ਆਪਣੀ ਮਨਜ਼ਲ ਕੀ ਮਿਥੀ ਸੀ, ਪਰ ਉਹ ਮੰਧਰਾ ਰੇਲਵੇ ਸਟੇਸ਼ਨ* ਵੱਲ ਤੁਰਿਆ ਜਾ ਰਿਹਾ ਸੀ।

ਪਿਉ ਪੁੱਤਰਾਂ ਦੇ ਇਸ ਝਗੜੇ ਵਿਚ ਹੁਣ ਤੱਕ ਤਾਰਾ ਸਿੰਘ ਦੀ ਮਾਂ ਚੁੱਪ ਸੀ। ਪਰ ਜਦੋਂ ਤਾਰਾ ਸਿੰਘ ਘਰੋਂ ਨਿਕਲ ਗਿਆ ਤਾਂ

---

*ਇਹ ਰੇਲਵੇ ਸਟੇਸ਼ਨ ਪਾਕਿਸਤਾਨ ਪੱਛਮੀ ਰੇਲਵੇ ਤੇ ਰਾਵਲਪਿੰਡੀ ਤੋਂ ਲਾਹੌਰ ਵੱਲ ੨੫ ਮੀਲ ਦੀ ਵਿੱਥ ਤੇ ਹੈ।

ਉਸ ਦਾ ਹਿਰਦਾ ਪਸੀਜ ਪਿਆ। ਨਾਲੇ ਉਸ ਨੂੰ ਤਾਰਾ ਸਿੰਘ ਦੇ ਸਿੱਖ ਬਣਨ ਵਿਚ ਕੋਈ ਉਜ਼ਰ ਵੀ ਨਹੀਂ ਸੀ। ਉਸ ਦੇ ਮਨ ਵਿਚ ਪਹਿਲੋਂ ਹੀ ਗੁਰੂ ਘਰ ਲਈ ਅਥਾਹ ਸ਼ਰਧਾ ਸੀ ਤੇ ਉਸ ਦੀ ਇਸ ਸ਼ਰਧਾ ਨੇ ਹੀ ਤਾਂ ਤਾਰਾ ਸਿੰਘ ਨੂੰ ਸਿੱਖੀ ਦੀ ਜਾਗ ਲਾਈ ਸੀ। ਇਸ ਲਈ ਹੁਣ ਉਹ ਚੁੱਪ ਨਾ ਰਹਿ ਸਕੀ ਤੇ ਆਪਣੇ ਪਤੀ ਤੇ ਵੱਡੇ ਪੁੱਤਰ ਨੂੰ ਕਹਿਣ ਲੱਗੀ, "ਕੀ ਹੋਇਆ ਜੇ ਨਾਨਕ ਸਿੱਖ ਬਣ ਗਿਆ ਏ, ਸ਼ਾਇਦ ਇਸੇ ਵਿਚ ਹੀ ਕੋਈ ਭਲਾਈ ਹੋਵੇ। ਲੋਕੀਂ ਤਾਂ ਆਪਣੇ ਸੁਖਵੇਂ ਪੁੱਤਰ ਵੀ ਸਿੱਖ ਬਣਾ ਲੈਂਦੇ ਹਨ। ਨਾਲੇ ਮੈਨੂੰ ਉਸ ਦੇ ਇਕ ਜਮਾਤੀ ਨੇ ਦੱਸਿਆ ਕਿ ਸੰਤਾਂ ਤਾਂ ਉਸ ਨੂੰ ਵਰ ਦਿੱਤਾ ਏ ਕਿ ਉਹ ਦੁਨੀਆ ਵਿਚ ਤਾਰੇ ਵਾਂਗ ਹੀ ਚਮਕੇਗਾ। ਇਸੇ ਲਈ ਤਾਂ ਉਸ ਦਾ ਨਾਂ ਤਾਰਾ ਸਿੰਘ ਰਖਿਆ ਨੇ। ਉਸ ਨੂੰ ਜਾ ਕੇ ਬੁਲਾ ਲਿਆਓ।" ਮਾਂ ਦੀ ਪਰੇਰਨਾ ਨਾਲ ਗੰਗਾ ਰਾਮ ਘਰੋਂ ਤਾਂ ਚੱਲ ਪਿਆ, ਪਰ ਰਾਹ ਵਿਚ ਸੋਚਣ ਲੱਗਾ ਕਿ ਤਾਰਾ ਸਿੰਘ ਨੂੰ ਮਨਾਉਣਾ ਕਿਹੜਾ ਸੌਖਾ ਏ। ਚੋਖਾ ਚਿਰ ਤਰਲਾ ਮਿੰਨਤ ਕਰ ਕੇ ਹੀ ਉਹ ਤਾਰਾ ਸਿੰਘ ਨੂੰ ਘਰ ਲਿਆ ਸਕਿਆ। ਤਾਰਾ ਸਿੰਘ ਦੇ ਇਸ ਸਿਰੜ ਨੇ ਗੰਗਾ ਰਾਮ ਨੂੰ ਇਤਨਾ ਪ੍ਰਭਾਵਤ ਕੀਤਾ ਕਿ ਉਸ ਨੇ ਇਸ ਘਟਨਾ ਤੋਂ ਮਗਰੋਂ ਕਦੇ ਵੀ ਤਾਰਾ ਸਿੰਘ ਦੇ ਸਿੱਖ ਬਣਨ ਤੇ ਨਰਾਜ਼ਗੀ ਦਾ ਪ੍ਰਗਟ ਕਰਨ ਦਾ ਹੀਆ ਨਾ ਕੀਤਾ; ਸਗੋਂ ਉਹ ਆਪ ਵੀ ਸਿੱਖੀ ਵੱਲ ਖਿਚਿਆ ਗਿਆ। ਘਰੋਗੀ ਝਗੜਾ ਸਧਾਰਨ ਮਨੁੱਖ ਲਈ ਤ ਇਤਫ਼ਾਕੀਆ ਘਟਨਾ ਹੀ ਹੁੰਦੀ ਹੈ, ਪਰ ਤਾਰਾ ਸਿੰਘ ਲਈ ਇਹ ਇਕ ਜੀਵਨ-ਮੋੜ ਸਿੱਧ ਹੋਇਆ। ਆਮ ਕਰਕੇ ਹੁਣ ਉਸ ਦੇ ਮਾਤ ਪਿਤਾ ਨੇ ਉਸ ਨੂੰ ਸੁਤੰਤਰ ਰਹਿਣ ਦੀ ਹੀ ਆਗਿਆ ਦੇ ਦਿੱਤੀ ਇਸੇ ਲਈ ਜਦੋਂ ਤਾਰਾ ਸਿੰਘ ਨੇ ਚੰਗੇ ਨੰਬਰ ਲੈ ਕੇ ਮੈਟਰਿਕ ਦ ਇਮਤਿਹਾਨ ਪਾਸ ਕੀਤਾ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਦਾਖ਼ਲਾ ਲੈਣ ਦੀ ਇੱਛਾ ਪਰਗਟ ਕੀਤੀ ਤਾਂ ਉਸ ਨੂੰ ਕਿਸੇ ਨੇ ਵੀ ਨ

ਵਰਜਿਆ। ਮਾਪਿਆਂ ਦੀ ਇਸ ਨਰਮਾਈ ਤੋਂ ਤਾਰਾ ਸਿੰਘ ਨੇ ਕਦੇ ਵੀ ਅਯੋਗ ਲਾਭ ਉਠਾਉਣ ਦਾ ਜਤਨ ਨਾ ਕੀਤਾ, ਸਗੋਂ ਉਸ ਨੇ ਧਾਰਮਿਕ ਅਤੇ ਪੜ੍ਹਾਈ ਦੇ ਵਜ਼ੀਫ਼ੇ ਪ੍ਰਾਪਤ ਕਰ ਕੇ ਉਨ੍ਹਾਂ ਦਾ ਆਰਥਕ ਭਾਰ ਵੀ ਹੌਲਾ ਕਰ ਦਿੱਤਾ।

## ਅਣਖ ਦੀ ਪਰਖ–

ਕਾਲਜ ਵਿਚ ਤਾਰਾ ਸਿੰਘ, ਸ਼ੀਘਰ ਹੀ ਹਰ-ਮਨ ਪਿਆਰਾ ਹੋ ਗਿਆ। ਉਸ ਵਿਚਲੀ ਸਿੱਖੀ ਗੌਰਵ ਦੀ ਭਾਵਨਾ ਨੇ ਮਾਝੇ ਦੇ ਅੱਖੜ ਮੁੰਡਿਆਂ ਨੂੰ ਭਰਮਾ ਲਿਆ। ਉਸ ਦੇ ਨਿਯਮ-ਬੱਧ ਜੀਵਨ-ਢੰਗ ਨੇ ਅਧਿਆਪਕਾਂ ਤੇ ਸਾਥੀ-ਵਿਦਿਆਰਥੀਆਂ ਪਾਸੋਂ ਸਤਿਕਾਰ ਤੇ ਪਰਸੰਸਾ ਪਰਾਪਤ ਕੀਤੀ। ਇਸੇ ਕਾਰਨ ਹਰ ਵਿਸ਼ੇਸ਼ ਮਾਮਲੇ ਸਬੰਧੀ, ਕਾਲਜ ਦੇ ਵਿਦਿਆਰਥੀ, ਅਗਵਾਈ ਲਈ ਉਸ ਵੱਲ ਹੀ ਝਾਕਦੇ ਸਨ। ਤਾਰਾ ਸਿੰਘ ਦੀ ਵਿਦਿਆ-ਪਰਾਪਤੀ ਦੇ ਸਮੇਂ ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਪੂਰਨ ਤੌਰ ਤੇ ਸਰਕਾਰੀ ਪਰਬੰਧ ਅਧੀਨ ਸੀ। ਇਕ ਵੇਰ ਕਾਲਜ ਦੀ ਪਰਬੰਧਕ ਕਮੇਟੀ ਦਾ ਇਕ ਅੰਗਰੇਜ਼ ਮੈਂਬਰ, ਮੇਜਰ ਹੇਲ, ਕਾਲਜ ਵਿਚ ਆਇਆ। ਉਸ ਨੇ ਕਾਲਜ ਦੀ ਬਣ ਰਹੀ ਇਮਾਰਤ ਸਬੰਧੀ ਪੁੱਛ-ਪੜਤਾਲ ਕੀਤੀ। ਇਮਾਰਤ ਦੀ ਉਸਾਰੀ ਦਾ ਕੰਮ ਢਿੱਲਾ ਸੀ। ਜਦੋਂ ਮੇਜਰ ਹੇਲ ਨੂੰ ਪਤਾ ਲੱਗਾ ਕਿ ਇਮਾਰਤ ਦੇ ਕੰਮ ਦੀ ਨਿਗਰਾਨੀ ਸਰਦਾਰ ਧਰਮ ਸਿੰਘ ਇੰਜੀਨੀਅਰ ਕੇਵਲ ਸ਼ਰਧਾ ਤੇ ਪਿਆਰ ਵਜੋਂ ਹੀ ਕਰ ਰਹੇ ਸਨ ਤਾਂ ਉਸ ਨੇ ਝੱਟ ਹੀ ਕਹਿ ਦਿੱਤਾ "Labour of love is nonsense" (ਸ਼ਰਧਾ ਦੀ ਸੇਵਾ ਬੇਹੂਦਾ ਹੀ ਹੁੰਦੀ ਹੈ)। ਇਸ ਤੇ ਧਰਮ ਸਿੰਘ ਇੰਜੀਨੀਅਰ ਨੂੰ ਹਟਾ ਦਿੱਤਾ ਗਿਆ। ਇਸ ਘਟਨਾ ਤੇ ਤਾਰਾ ਸਿੰਘ ਨੂੰ ਇਉਂ ਜਾਪਿਆ ਜਿਵੇ ਸਿੱਖਾਂ ਦੀ ਨਿਸ਼ਕਾਮ ਸੇਵਾ ਦੀ ਪਰੰਪਰਾ ਨੂੰ ਵੰਗਾਰਿਆ ਜਾ ਰਿਹਾ ਸੀ। ਤਾਰਾ ਸਿੰਘ ਨੇ ਉਤੇਜਿਤ ਹੋ ਕੇ, ਆਪਣੇ ਸਾਥੀ-ਵਿਦਿਆਰਥੀਆਂ ਦੀ ਸਹਾਇਤਾ ਨਾਲ ਨਵੇਂ

ਇੰਜੀਨੀਅਰ ਨੂੰ ਕਾਲਜ ਦੇ ਇਹਾਤੇ ਅੰਦਰ ਪੈਰ ਹੀ ਨਾ ਰੱਖਣ ਦਿੱਤਾ। ਪ੍ਰਿੰਸੀਪਲ ਨੇ ਪਹਿਲਾਂ ਤਾਰਾ ਸਿੰਘ ਨੂੰ ਤਾੜਨਾ ਕੀਤੀ ਅਤੇ ਪਿੱਛੋਂ ਪਿਆਰ ਨਾਲ ਰਾਜ਼ੀ ਕਰਨ ਦਾ ਜਤਨ ਕੀਤਾ। ਪਰ ਤਾਰਾ ਸਿੰਘ ਤੇ ਉਸ ਦੇ ਸਾਥੀ-ਵਿਦਿਆਰਥੀ ਨਾ ਮੰਨੇ। ਮਾਮਲਾ ਇਤਨਾ ਵਧ ਗਿਆ ਕਿ ਮਹਾਰਾਜਾ ਨਾਭਾ ਅੰਮ੍ਰਿਤਸਰ ਆਇਆ ਅਤੇ ਉਸ ਨੇ ਵਿਦਿਆਰਥੀ ਆਗੂ ਤਾਰਾ ਸਿੰਘ ਨੂੰ ਨਿਸਚਾ ਦਿਵਾਇਆ ਕਿ ਮੇਜਰ ਹੇਲ ਦਾ ਸਰਦਾਰ ਧਰਮ ਸਿੰਘ ਇੰਜੀਨੀਅਰ ਦੀ ਨਿਸ਼ਕਾਮ ਸੇਵਾ ਪ੍ਰਤੀ ਕਿਸੇ ਪਰਕਾਰ ਦੀ ਅਲੋਚਨਾ ਕਰਨ ਦਾ ਕੋਈ ਭਾਵ ਨਹੀਂ ਸੀ। ਸਿੱਖੀ ਅਣਖ ਲਈ ਤਾਰਾ ਸਿੰਘ ਦੀ ਇਹ ਪਹਿਲੀ ਲੜਾਈ ਸੀ, ਜਿਸ ਤੋਂ ਉਸ ਦੇ ਇਕ ਸਫ਼ਲ ਨੇਤਾ ਬਣਨ ਦੀ ਯੋਗਤਾ ਦਾ ਵਿਖਾਵਾ ਹੋਇਆ।

## ਤਾਰਾ ਸਿੰਘ ਮਾਸਟਰ—

ਤਾਰਾ ਸਿੰਘ ਅਜੇ ਕਾਲਜ ਦਾ ਵਿਦਿਆਰਥੀ ਹੀ ਸੀ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਕਾਲੋਨੀ ਬਿੱਲ ਦੇ ਪਾਸ ਕੀਤੇ ਜਾਣ ਤੇ ਰੋਸ ਦਾ ਪਰਗਟਾ ਹੋਇਆ*। ਤਾਰਾ ਸਿੰਘ ਨੇ ਇਸ ਲਹਿਰ ਦੇ

---

*1900 ਈਸਵੀ ਵਿਚ "ਦੀ ਪੰਜਾਬ ਲੈਂਡ ਏਲੀਨੇਸ਼ਨ ਐਕਟ" ਪਾਸ ਹੋਇਆ, ਜਿਸ ਦਾ ਮਨੋਰਥ, ਜ਼ਮੀਨ ਕੇਵਲ ਕਾਸ਼ਤਕਾਰਾਂ ਦੇ ਹੱਥਾਂ ਵਿਚ ਹੀ ਰੱਖਣਾ ਸੀ। ਇਸ ਐਕਟ ਨਾਲ ਪੰਜਾਬ ਦੇ ਹਿੰਦੂ ਸ਼ਹਿਰੀ ਨੂੰ ਨੁਕਸਾਨ ਹੋਇਆ ਸੀ। ਉਹ ਅਵਸਰ ਮਿਲਣ ਤੇ ਆਪਣੀ ਚਤਰਾਈ ਨਾਲ ਕਿਸਾਨ ਨੂੰ ਅੰਗਰੇਜ਼ ਸਰਕਾਰ ਵਿਰੁੱਧ ਉਤੇਜਿਤ ਕਰ ਕੇ ਆਪਣਾ ਰੋਸ ਪਰਗਟ ਕਰਨਾ ਚਾਹੁੰਦਾ ਸੀ। ਸ਼ਹਿਰੀ ਆਰੀਆ ਸਮਾਜੀ ਹਿੰਦੂ ਨੂੰ ਗਵਰਨਰ ਇਬਰਟਸਨ ਵੱਲੋਂ ਕਾਲੋਨੀ ਬਿੱਲ ਪਾਸ ਕਰਨ ਅਤੇ ਆਬਿਆਨੇ ਦੇ ਦਰ ਵਧਾਉਣ ਸਮੇਂ 1907 ਈਸਵੀ ਵਿਚ ਇਹ ਅਵਸਰ ਮਿਲ ਗਿਆ। ਸਿੱਖ ਕਿਸਾਨ ਦੀ ਸ-ਬਲਤਾ ਅਤੇ ਸਿੱਖ ਸੈਨਕ ਦੀ ਦਲੇਰੀ ਨੂੰ ਅੰਗਰੇਜ਼ ਮੰਨਦੇ ਸਨ। ਇਸ ਲਈ 1907 ਦੇ ਵਿਦਰੋਹ ਦੇ ਨੇਤਾ ਉਚੇਚੇ ਯਤਨ ਕਰ ਕੇ ਸਿੱਖ ਕਿਸਾਨਾਂ ਨੂੰ ਆਪਣੇ ਜਲਸਿਆਂ ਵਿਚ ਲਿਆਉਂਦੇ ਸਨ। ਪਰ ਜਦੋਂ ਕਿਸਾਨਾਂ ਦੇ ਹੱਕਾਂ ਦੀ ਰਖਵਾਲੀ ਲਈ ਜ਼ਿਮੀਦਾਰਾ-ਲੀਗ ਬਣਾਈ ਗਈ ਤਾਂ ਉਸ ਦੀ ਅਗਵਾਈ ਹਿੰਦੂ ਤੇ ਮੁਸਲਮਾਨਾਂ ਨੇ ਸਾਂਭ ਲਈ।

ਵੇਰਵੇ ਲਈ ਦੇਖੋ : ਸ੍ਰੀ ਰਾਮ ਸ਼ਰਮਾ ਦਾ "ਸੀਤਾ ਰਾਮ ਕੋਹਲੀ ਯਾਦਗਾਰੀ ਲੈਕਚਰ", 1965 ਪੰਨਾ 11–13.

ਸੰਗਠਨ,ਤਰਜ਼ ਤੇ ਇਸ ਦੇ ਆਗੂਆਂ ਦੇ ਚਲਨ ਨੂੰ ਚੰਗੀ ਤਰ੍ਹਾਂ ਘੋਖਿਆ ਅਤੇ ਅਨੁਭਵ ਕੀਤਾ ਕਿ ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਸਿੱਖ ਕਿਸਾਨ ਦੇ ਮਹੱਤਵ ਨੂੰ ਅਯੋਗ ਵਰਤਿਆ ਗਿਆ ਸੀ। ਇਸ ਦਾ ਕਾਰਨ ਸਿੱਖਾਂ ਵਿਚਕਾਰ ਅਨਪੜ੍ਹਤਾ ਸੀ। ਤਾਰਾ ਸਿੰਘ ਨੇ ਲਹੂ-ਪਸੀਨੇ ਨਾਲ ਬਾਰਾਂ ਵਸਾਉਣ ਵਾਲੇ ਸਿੱਖ ਕਿਸਾਨਾਂ ਨੂੰ ਜਾਗ੍ਰਿਤ ਕਰਨ ਦਾ ਨਿਸਚਾ ਕਰ ਲਿਆ। ਜਾਗਰਤਾ ਲਿਆਉਣ ਲਈ ਸਿੱਖਾਂ ਵਿਚ ਵਿਦਿਆ ਦਾ ਪਸਾਰ ਜ਼ਰੂਰੀ ਸੀ। ਇਸੇ ਲਈ ਬੀ. ਏ. ਪਾਸ ਕਰ ਕੇ, ਤਾਰਾ ਸਿੰਘ ਨੇ ਸਕੂਲ-ਮਾਸਟਰੀ ਦਾ ਕਿੱਤਾ ਅਪਣਾਉਣ ਦਾ ਫ਼ੈਸਲਾ ਕੀਤਾ ਅਤੇ ਲਾਹੌਰ, ਟਰੇਨਿੰਗ ਕਾਲਜ ਵਿਚ ਦਾਖ਼ਲ ਹੋ ਗਿਆ। ਇਥੇ ਉਸ ਨੇ ਆਪਣੇ ਜਮਾਤੀਆਂ, ਸੁੰਦਰ ਸਿੰਘ ਤੇ ਬਿਸ਼ਨ ਸਿੰਘ ਨਾਲ ਰਲ ਕੇ ਲਾਇਲਪੁਰ ਵਿਖੇ ਖ਼ਾਲਸਾ ਹਾਈ ਸਕੂਲ ਖੋਲ੍ਹਣ ਦੀ ਸਲਾਹ ਬਣਾਈ। ਅਧਿਆਪਕ ਦਾ ਜੀਵਨ ਅਪਣਾ ਕੇ ਤਾਰਾ ਸਿੰਘ ਨੇ ਸਹੀ ਅਰਥਾਂ ਵਿਚ ਸੰਘਰਸ਼ ਤੇ ਕੁਰਬਾਨੀ ਦਾ ਰਾਹ ਫੜ ਲਿਆ ਅਤੇ ਭਿਅੰਕਰ ਔਕੜਾਂ ਦੇ ਹੁੰਦਿਆਂ ਵੀ ਉਹ ਇਸੇ ਮਾਰਗ ਤੇ ਚਲਦਾ ਗਿਆ। ਅਧਿਆਪਕ ਦੇ ਕਿੱਤੇ ਨੇ ਹੀ ਤਾਰਾ ਸਿੰਘ ਦੇ ਨਾਂ ਨਾਲ 'ਮਾਸਟਰ' ਦਾ ਸਨਮਾਨਿਤ ਸ਼ਬਦ ਜੋੜ ਦਿੱਤਾ, ਜੋ ਹੁਣ ਪੰਜਾਬ ਦੇ ਇਤਿਹਾਸ ਵਿਚ ਨਿਵੇਕਲੀ ਥਾਂ ਪ੍ਰਾਪਤ ਕਰ ਗਿਆ ਹੈ।

## ਸਿੱਖ ਰਾਜ-ਨੀਤੀ ਵਿਚ ਪਰਵੇਸ਼–

ਮਾਸਟਰ ਤਾਰਾ ਸਿੰਘ, ਖ਼ਾਲਸਾ ਹਾਈ ਸਕੂਲ, ਲਾਇਲਪੁਰ ਦਾ ਮੋਢੀ ਹੈਡਮਾਸਟਰ ਬਣਿਆ। ਸਕੂਲ ਦੀ ਨੌਕਰੀ ਨੂੰ ਉਸ ਨੇ ਸਿੱਖੀ ਦੀ ਨਿਸ਼ਕਾਮ ਸੇਵਾ ਜਾਣਿਆ ਸੀ। ਇਸੇ ਕਰਕੇ ਪਹਿਲੇ ਸਾਲ ਉਸ ਨੇ ਕੇਵਲ ਪੰਦਰਾਂ ਰੁਪਏ ਮਹੀਨਾ ਹੀ ਤਨਖ਼ਾਹ ਲਈ। ਸਿੱਖ ਧਰਮ ਲਈ ਸ਼ਰਧਾ ਅਤੇ ਸਿੱਖਾਂ ਵਿਚ ਵਿਦਿਆ ਦੇ ਪਸਾਰ ਲਈ

ਅਥਾਹ ਲਗਨ ਸਦਕਾ ਮਾਸਟਰ ਤਾਰਾ ਸਿੰਘ ਸ਼ੀਘਰ ਹੀ ਲਾਇਲਪੁਰ ਦੇ ਸਿੱਖਾਂ ਦਾ ਆਗੂ ਸਮਝਿਆ ਜਾਣ ਲੱਗ ਪਿਆ। ਪਰ ਤਾਰਾ ਸਿੰਘ ਅਸਧਾਰਨ ਪੁਰਸ਼ ਸੀ। ਉਹ ਇਸ ਸਥਾਨਕ ਮਾਣ ਤੇ ਸ਼ੋਭਾ ਵਿਚ ਹੀ ਸੀਮਤ ਨਹੀਂ ਰਹਿਣਾ ਚਾਹੁੰਦਾ ਸੀ, ਸਗੋਂ ਉਹ ਤਾਂ ਸਿੱਖ ਕੌਮ ਵਿਚਕਾਰ ਪੁਨਰ-ਸੁਰਜੀਤੀ ਦੀ ਲਹਿਰ ਨੂੰ ਪਰਫੁੱਲਤ ਕਰ ਕੇ ਸਿੱਖਾਂ ਨੂੰ ਆਪਣੇ ਗੌਰਵ-ਮਈ ਵਿਰਸੇ ਸਬੰਧੀ ਚੇਤੰਨ ਕਰਨਾ ਚਾਹੁੰਦਾ ਸੀ। ਇਸ ਪਾਸੇ ਵੱਲ ਪਹਿਲੇ ਹੰਭਲੇ ਵਜੋਂ ਉਸ ਨੇ **1909** ਈਸਵੀ ਵਿਚ ਲਾਇਲਪੁਰ ਤੋਂ ਹੀ "ਸੱਚਾ ਢੰਡੋਰਾ" ਨਾਮੀ ਇਕ ਸਪਤਾਹਕ ਪੱਤਰ ਜਾਰੀ ਕੀਤਾ ਅਤੇ ਇਸ ਅਖ਼ਬਾਰ ਰਾਹੀਂ ਉਸ ਨੇ ਸਿੱਖ ਰਾਜਨੀਤੀ ਵਿਚ ਪਹਿਲਾ ਕਦਮ ਰੱਖਿਆ। ਇਸ ਤੋਂ ਪਿੱਛੋਂ ਪੰਜਾਬ ਅਤੇ ਸਿੱਖਾਂ ਦੀ ਰਾਜਨੀਤੀ ਦੀ ਹਰੇਕ ਘਟਨਾ ਨਾਲ ਮਾਸਟਰ ਤਾਰਾ ਸਿੰਘ ਦਾ ਮੇਲ-ਜੋਲ ਰਹਿਣ ਲੱਗਾ।

**1913** ਈਸਵੀ ਵਿਚ ਕੈਨੇਡਾ ਵਿਚ ਗਏ ਕਾਮੇ ਸਿੱਖ ਪਰ-ਵਾਸੀਆਂ (Immigrants) ਨੇ ਬਦੇਸ਼ੀ ਸਰਕਾਰ ਦੇ ਵਿਤਕਰੇ-ਭਰਪੂਰ ਸਲੂਕ ਦਾ ਟਾਕਰਾ ਕਰਨ ਦਾ ਨਿਸਚਾ ਕੀਤਾ।* ਦੇਸ ਵਾਸੀ ਭਰਾਵਾਂ ਨੂੰ ਆਪਣੀ ਇਸ ਹੱਕੀ ਜੰਗ ਸਬੰਧੀ ਗਿਆਤ ਕਰਨ ਲਈ, ਉਨ੍ਹਾਂ ਨੇ ਆਪਣਾ ਇਕ ਪ੍ਰਤੀਨਿਧ-ਮੰਡਲ ਪੰਜਾਬ ਭੇਜਿਆ। ਇਸ ਪ੍ਰਤੀਨਿਧ-ਮੰਡਲ ਵਿਚ ਮਾਸਟਰ ਤਾਰਾ ਸਿੰਘ ਦਾ ਇਕ ਪੁਰਾਣਾ ਸਾਥੀ-ਵਿਦਿਆਰਥੀ ਭਾਈ ਨੰਦ ਸਿੰਘ ਵੀ ਸੀ। ਉਸ ਨੇ ਲਾਇਲਪੁਰ ਵਿਚ ਮਾਸਟਰ ਤਾਰਾ ਸਿੰਘ ਦੀ ਮਸ਼ਹੂਰੀ ਸੁਣੀ ਅਤੇ ਉਸ ਨੂੰ ਆ ਮਿਲਿਆ। ਅਨਿਆਇ ਵਿਰੁੱਧ ਘੋਲ ਦਾ ਵਿਚਾਰ ਮਾਸਟਰ ਤਾਰਾ ਸਿੰਘ ਦਾ ਜੀਵਨ-ਲਕਸ਼ ਸੀ। ਇਸ ਲਈ ਪੰਜਾਬ ਵਿਚ ਕੈਨੇਡਾ ਦੇ ਪਰ-ਵਾਸੀ ਸਿੱਖਾਂ ਦੀਆਂ ਤਕਲੀਫ਼ਾਂ ਸਬੰਧੀ ਜਾਣਕਾਰੀ ਦੇਣ ਲਈ ਮਾਸਟਰ ਤਾਰਾ ਸਿੰਘ ਨੇ ਇਸ ਪ੍ਰਤੀਨਿਧ-ਮੰਡਲ ਦੀ

*ਖ਼ੁਸ਼ਵੰਤ ਸਿੰਘ—ਗ਼ਦਰ, 1915, 19–20.

ਨਿੱਗਰ ਸਹਾਇਤਾ ਕਰਨ ਦਾ ਕੰਮ ਆਪਣੇ ਜ਼ਿਮੇ ਲੈ ਲਿਆ। ਉਸ ਨੇ ਲਾਇਲਪੁਰ ਤੇ ਰਾਵਲਪਿੰਡੀ ਜ਼ਿਲੇ ਦੇ ਗੁੱਜਰਖ਼ਾਨ ਆਦਿ ਅਸਥਾਨਾਂ ਵਿਖੇ ਕਈ ਸਭਾਵਾਂ ਬੁਲਾ ਕੇ ਉਨ੍ਹਾਂ ਵਿਚ ਕੈਨੇਡਾ ਦੇ ਸਿੱਖਾਂ ਨਾਲ ਸਰਕਾਰ ਦੇ ਵਿਤਕਰੇ ਤੇ ਅੰਗਰੇਜ਼ੀ ਸਰਕਾਰ ਦੀ ਬੇਰੁਖ਼ੀ ਦੀ ਕਰੜੀ ਅਲੋਚਨਾ ਕੀਤੀ। ਮਾਸਟਰ ਤਾਰਾ ਸਿੰਘ ਦੀ ਮੁਢਲੀ ਖੋ ਤਾਂ ਇਕ ਕਰਾਂਤੀਕਾਰੀ ਵਾਲੀ ਹੈ ਹੀ ਸੀ, ਪਰ ਹੁਣ ਖੁਲ੍ਹੇ ਤੌਰ ਤੇ ਸਰਕਾਰ ਦਾ ਵਿਰੋਧ ਕਰਨ ਤੇ ਉਹ ਅੰਗਰੇਜ਼ੀ ਸਰਕਾਰ ਨੂੰ ਰਾਜ-ਧਰੋਹੀ ਜਾਪਣ ਲੱਗਾ। ਬਦੇਸ਼ਾਂ ਵਿਚ ਗਏ ਸਿੱਖਾਂ ਦੇ ਸਵੈ-ਮਾਣ ਦੀ ਭਾਵਨਾ ਨੂੰ ਮਾਸਟਰ ਤਾਰਾ ਸਿੰਘ ਚੰਗੀ ਤਰ੍ਹਾਂ ਸਮਝਦਾ ਸੀ ਅਤੇ ਉਨ੍ਹਾਂ ਨਾਲ ਉਸ ਦੀ ਪੂਰੀ ਹਮਦਰਦੀ ਸੀ। ਜਦੋਂ ਕਾਮਾਗਾਟਾ ਮਾਰੂ ਤੇ ਤੋਸ਼ਾਮਾਰੂ ਸਮੁੰਦਰੀ ਜਹਾਜ਼ਾਂ ਦੇ ਸਾਕਿਆਂ ਦੇ ਵਿਸਥਾਰ-ਪੂਰਬਕ ਹਾਲਾਤ ਉਸ ਨੂੰ ਪਤਾ ਲੱਗੇ ਤਾਂ ਉਹ ਤੜਪ ਉਠਿਆ। ਸਿੱਟੇ ਵਜੋਂ ਉਸ ਦੇ ਮਨ ਵਿਚ ਅੰਗਰੇਜ਼ ਰਾਜ ਸਬੰਧੀ ਘਿਰਣਾ ਭਰ ਗਈ।

## ਗੁਰਦੁਆਰਾ ਸੁਧਾਰ ਲਹਿਰ ਤੇ ਰੋਜ਼ਾਨਾ "ਅਕਾਲੀ"—

ਦਿੱਲੀ ਵਿਚ ਅੰਗਰੇਜ਼ ਸਰਕਾਰ ਵੱਲੋਂ ਨਵੀਂ ਰਾਜਧਾਨੀ ਬਣਾਉਣ ਸਮੇਂ, ਸਰਕਾਰ ਵੱਲੋਂ ਗੁਰਦੁਆਰਾ ਰਕਾਬ ਗੰਜ ਦੀ ਇਕ ਕੰਧ ਢਾਹੇ ਜਾਣ ਤੇ ਸਿੱਖਾਂ ਵਿਚ ਅਥਾਹ ਜੋਸ਼ ਫੈਲ ਗਿਆ। ਅੰਗਰੇਜ਼ਾਂ ਦੀਆਂ ਇਨ੍ਹਾਂ ਵਧੀਕੀਆਂ ਵਿਰੁੱਧ ਮਾਸਟਰ ਤਾਰਾ ਸਿੰਘ ਦੇ ਮਨ ਵਿਚ ਇਤਨੀ ਕੁੜਿੱਤਣ ਭਰ ਚੁਕੀ ਸੀ ਕਿ ਇਸ ਅਵਸਰ ਤੇ ਉਸ ਨੇ ਚੀਫ਼ ਖ਼ਾਲਸਾ ਦੀਵਾਨ ਦੀ ਰਾਜ਼ੀਨਾਮੇ ਵਾਲੀ ਨੀਤੀ ਦੀ ਉਚੇਚੀ ਅਲੋਚਨਾ ਕੀਤੀ। ਗੁਰਦੁਆਰਾ ਰਕਾਬ ਗੰਜ ਦੇ ਮਾਮਲੇ ਨੇ ਸਾਰੀ ਸਿੱਖ ਕੌਮ ਦਾ ਧਿਆਨ ਧਰਮ-ਅਸਥਾਨਾਂ ਦੇ ਸੁਧਾਰ ਵੱਲ ਕਰ ਦਿੱਤਾ। 1909 ਤੇ 1919 ਦੇ ਵਿਧਾਨਕ ਸੁਧਾਰਾਂ ਵਿਚ ਵੀ ਸਿੱਖਾਂ ਨਾਲ ਇਨਸਾਫ਼ ਨਾ ਹੁੰਦਾ ਦੇਖ ਕੇ ਮਾਸਟਰ ਤਾਰਾ ਸਿੰਘ ਤਾਂ ਪਹਿਲਾਂ ਹੀ

ਦੁਖੀ ਬੈਠਾ ਸੀ। ਉਸ ਨੂੰ ਹੁਣ ਪਰਤੀਤ ਹੋਣ ਲੱਗਾ ਕਿ ਗੁਰਦੁਆਰਾ ਸੁਧਾਰ ਦੇ ਜੋਸ਼ ਵਿਚੋਂ ਹੀ ਸਿੱਖਾਂ ਵਿਚ ਸਵੈ-ਭਰੋਸਾ, ਰਾਜਸੀ ਚੇਤੰਨਤਾ ਤੇ ਦੇਸ਼-ਭਗਤੀ ਦੀ ਭਾਵਨਾ ਉਤਪੰਨ ਕੀਤੀ ਜਾ ਸਕਦੀ ਸੀ। ਇਸੇ ਲਈ ਮਾਸਟਰ ਤਾਰਾ ਸਿੰਘ ਨੇ ਗੁਰਦੁਆਰਾ ਸੁਧਾਰ ਦੇ ਕੰਮ ਵਿਚ ਪੂਰੇ ਉਤਸ਼ਾਹ ਨਾਲ ਭਾਗ ਲੈਣਾ ਅਰੰਭ ਦਿੱਤਾ ਅਤੇ ਇਸ ਲਹਿਰ ਨੂੰ ਪਰਫੁੱਲਤ ਕਰਨ ਲਈ 1920 ਈਸਵੀ ਵਿਚ ਮਾਸਟਰ ਸੁੰਦਰ ਸਿੰਘ ਨਾਲ ਰਲ ਕੇ ਰੋਜ਼ਾਨਾ ਪੱਤਰ 'ਅਕਾਲੀ' ਚਲਾਇਆ।* ਇਸ ਅਖ਼ਬਾਰ ਰਾਹੀਂ ਮਾਸਟਰ ਤਾਰਾ ਸਿੰਘ ਨੇ ਸਿੱਖ ਜਨਤਾ ਨੂੰ ਗੁਰਦੁਆਰਿਆਂ ਵਿਚ ਪਰਚੱਲਤ ਕੁਰੀਤੀਆਂ ਅਤੇ ਸਿੱਖਾਂ ਨਾਲ ਹੋਏ ਰਾਜਨੀਤਕ ਧੱਕੇ† ਸਬੰਧੀ ਗਿਆਤ ਕੀਤਾ। ਇਸ ਪਰਚਾਰ ਦੇ ਸਿੱਟੇ ਵਜੋਂ ਥਾਂ ਥਾਂ ਸਿੱਖਾਂ ਦੇ ਜੱਥਿਆਂ ਨੇ ਗੁਰਧਾਮਾਂ ਵਿਚੋਂ ਮਹੰਤਾਂ ਦੇ ਜੱਫੇ ਦਾ ਅੰਤ ਕਰਨਾ ਅਰੰਭ ਕਰ ਦਿੱਤਾ।

---

*ਪਿਆਰਾ ਸਿੰਘ ਪਦਮ—ਸੰਖੇਪ ਸਿੱਖ ਇਤਿਹਾਸ, 333.
Harbans Singh—Aspects of Panjabi Literature, 81.

†1909 ਦੇ ਐਕਟ ਅਨੁਸਾਰ ਜਦੋਂ ਚੋਣ ਦਾ ਨਿਯਮ ਪਹਿਲੀ ਵੇਰ ਭਾਰਤ ਵਿਚ ਪ੍ਰਚੱਲਤ ਹੋਇਆ ਤਾਂ ਹਿੰਦੂਆਂ ਦੀ ਬਹੁ-ਗਿਣਤੀ ਦੇ ਸਨਮੁਖ ਮੁਸਲਮਾਨਾਂ ਨੂੰ ਤਾਂ 'ਵੇਟੇਜ' (ਵਿਸ਼ੇਸ਼ ਮਹੱਤਵ) ਪਰਦਾਨ ਹੋਇਆ, ਪਰ ਪੰਜਾਬ ਵਿਚ ਸਿੱਖਾਂ ਦੇ ਹਿੱਤਾਂ ਦੀ ਰਖਵਾਲੀ ਲਈ ਕੋਈ ਪਰਬੰਧ ਨਾ ਕੀਤਾ ਗਿਆ। 1916 ਈਸਵੀ ਵਿਚ ਜਦੋਂ ਕਾਂਗਰਸ ਨੇ ਲਖਨਊ ਵਿਖੇ ਮੁਸਲਿਮ ਲੀਗ ਨਾਲ ਘੱਟ-ਗਿਣਤੀ ਸਮੱਸਿਆ ਸਬੰਧੀ ਗੱਲ-ਬਾਤ ਕੀਤੀ ਤਾਂ ਨਾ ਹੀ ਕਿਸੇ ਸਿੱਖ ਪ੍ਰਤੀਨਿਧ ਨੂੰ ਇਸ ਗੱਲ-ਬਾਤ ਲਈ ਸੱਦਿਆ ਤੇ ਨਾ ਹੀ ਇਸ 'ਲਖਨਊ ਐਕਟ' ਨਾਮੇ ਸਮਝੌਤੇ ਵਿਚ, ਪੰਜਾਬ ਵਿਚ ਸਿੱਖਾਂ ਦੇ ਹੱਕਾਂ ਸਬੰਧੀ ਕੋਈ ਵਰਣਨ ਹੀ ਕੀਤਾ। ਇਸੇ ਤਰ੍ਹਾਂ ਪਹਿਲੀ ਵੱਡੀ ਜੰਗ ਵਿਚ ਅੰਗਰੇਜ਼ਾਂ ਦੀ ਉਚੇਚੀ ਸਹਾਇਤਾ ਕਰਨ ਤੇ ਵੀ 1919 ਵਾਲੇ ਵਿਧਾਨਿਕ ਸੁਧਾਰਾਂ ਵਿਚ ਵੀ ਸਿੱਖਾਂ ਨਾਲ ਇਨਸਾਫ਼ ਨਾ ਹੋਇਆ ਅਤੇ ਪੰਜਾਬ ਅਸੈਂਬਲੀ ਵਿਚ ਕੇਵਲ 15 ਸੀਟਾਂ ਸਿੱਖਾਂ ਨੂੰ ਮਿਲੀਆਂ। ਵੇਰਵੇ ਲਈ ਦੇਖੋ, Khushwant Singh : History of the Sikhs Vol. II, 219–23.

## ਸੈਂਟਰਲ ਸਿੱਖ ਲੀਗ–

ਸਿੱਖਾਂ ਵਿਚਕਾਰ ਉੱਭਰ ਰਹੀ ਇਸ ਨਵੀਂ ਪੀੜ੍ਹੀ ਨੇ ਅੰਗਰੇਜ਼ ਸਰਕਾਰ ਨੂੰ ਸੁਚੇਤ ਕਰ ਦਿੱਤਾ। ਨਵੇਂ ਹਾਲਾਤ ਵਿਚ ਅੰਗਰੇਜ਼ਾਂ ਨੇ ਜਨਤਾ ਵਿਚ ਆਪਣਾ ਰਸੂਖ਼ ਕਾਇਮ ਰੱਖਣ ਲਈ ਅਤੇ ਸਿੱਖ ਰਾਜਨੀਤੀ ਦੀ ਤੋਰ ਨੂੰ ਆਪਣੇ ਵੱਸ ਵਿਚ ਰੱਖਣ ਲਈ, 1919 ਈਸਵੀ ਵਿਚ ਗੋਪਾਲ ਸਿੰਘ ਭਾਗੋਵਾਲੀਏ, ਗੱਜਨ ਸਿੰਘ (ਲੁਧਿਆਣਾ) ਅਤੇ ਗਿਆਨੀ ਗੁਰਬਖ਼ਸ਼ ਸਿੰਘ (ਅੰਮ੍ਰਿਤਸਰ) ਰਾਹੀ ਸੈਂਟਰਲ ਸਿੱਖ ਲੀਗ ਨਾਮੀ ਇਕ ਨਵੀਂ ਰਾਜਨੀਤਕ ਜੱਥੇਬੰਦੀ ਬਣਾਉਣ ਦਾ ਉਪਰਾਲਾ ਕੀਤਾ। ਪਰ ਜਦੋਂ ਇਸ ਲੀਗ ਦਾ ਪਹਿਲਾ ਸਮਾਗਮ ਬਰੈਡਲਾ ਹਾਲ, ਲਾਹੌਰ ਵਿਚ ਹੋਇਆ ਤਾਂ ਇਸ ਨਵ-ਜਨਮੇ ਰਾਜਨੀਤਕ ਦਲ ਉਪਰ ਨੌਜਵਾਨ ਤੇ ਜੋਸ਼ੀਲੇ ਦੇਸ਼-ਭਗਤ ਸਿੱਖਾਂ ਦਾ ਕਬਜ਼ਾ ਹੋ ਗਿਆ, ਜਿਨ੍ਹਾਂ ਦੇ ਆਗੂ ਸਰਦੂਲ ਸਿੰਘ ਕਵੀਸ਼ਰ, ਮੰਗਲ ਸਿੰਘ ਤੇ ਮਾਸਟਰ ਤਾਰਾ ਸਿੰਘ ਸਨ।

## ਸਾਕਾ ਨਨਕਾਣਾ ਸਾਹਿਬ ਤੇ ਜੀਵਨ-ਦਾਨ–

ਦੂਜੇ ਪਾਸੇ ਸਰਕਾਰ ਨੇ ਆਪਣੇ ਵਿਸ਼ੇਸ਼ ਹਿੱਤਾਂ ਦੀ ਸੁਰੱਖਿਆ ਲਈ ਗੁਰਧਾਮਾਂ ਦੇ ਸੁਧਾਰ ਦੇ ਮਾਮਲੇ ਵਿਚ ਮਹੰਤਾਂ ਨੂੰ ਸ਼ਹਿ ਦੇਣ ਦੀ ਨੀਤੀ ਅਪਣਾਈ। ਇਸ ਸਮੇਂ ਮਾਸਟਰ ਤਾਰਾ ਸਿੰਘ ਤੇ ਤੇਜਾ ਸਿੰਘ ਸਮੁੰਦਰੀ ਆਦਿ ਨੇ ਸਿਰਕੱਢ ਮਹੰਤਾਂ ਨੂੰ ਗੱਲ-ਬਾਤ ਰਾਹੀਂ ਸਮਝਾ ਕੇ ਗੁਰਦੁਆਰੇ ਪੰਥ ਦੇ ਹਵਾਲੇ ਕਰਨ ਲਈ ਪਰੇਰਨ ਦਾ ਬੀੜਾ ਚੁਕਿਆ। ਪਰ ਸਰਕਾਰ ਦੀ ਸ਼ਹਿ ਕਾਰਨ ਮਹੰਤਾਂ ਨੇ ਇਕ ਨਾ ਮੰਨੀ। ਫੇਰ ਵੀ ਮਾਸਟਰ ਤਾਰਾ ਸਿੰਘ ਮਹੰਤਾਂ ਅਤੇ ਸਿੱਖ ਜੱਥਿਆਂ ਵਿਚਕਾਰ ਖੁਲ੍ਹੀ ਲੜਾਈ ਦਾ ਵਿਰੋਧ ਕਰਦੇ ਰਹੇ। ਜਦੋਂ ਨਨਕਾਣੇ ਸਾਹਿਬ ਦੇ ਗੁਰਦੁਆਰਾ ਜਨਮ ਅਸਥਾਨ ਨੂੰ ਮਹੰਤ ਦੇ ਹੱਥੋਂ ਮੁਕਤ ਕਰਾਉਣ ਲਈ ਪੰਥ ਵਿਚ ਜੋਸ਼ ਵਧ ਰਿਹਾ ਸੀ ਤਾਂ ਹਾਲਾਤ ਨੂੰ

ਵਿਗੜਨ ਤੋਂ ਰੋਕਣ ਲਈ ਮਾਸਟਰ ਤਾਰਾ ਸਿੰਘ ਲਾਹੌਰ, ਸ਼ੇਖ਼ੂਪੁਰੇ ਤੇ ਨਨਕਾਣੇ ਸਾਹਿਬ ਵਿਚਕਾਰ ਛਿੱਕੇ ਦੀ ਚਿੜੀ ਵਾਂਗ ਘੁੰਮਦੇ ਰਹੇ। ਫੇਰ ਵੀ ਮਹੰਤ ਨਰਾਇਣ ਦਾਸ ਨੇ ਸਿੱਖਾਂ ਦੇ ਨਨਕਾਣੇ ਸਾਹਿਬ ਵਿਚ ਪੁਜਦੇ ਜੱਥਿਆਂ ਉਪਰ ਨਿਰਦਈ ਹਮਲੇ ਕਰ ਕੇ ਸ਼ਹੀਦੀ ਸਾਕਾ ਕਰ ਦਿਖਾਇਆ। ਇਸ ਸ਼ਹੀਦੀ ਸਾਕੇ ਨੇ ਸਿੱਖ ਕੌਮ ਨੂੰ ਝੰਜੋੜ ਦਿੱਤਾ। ਇਸ ਅਵਸਰ ਤੇ ਨਨਕਾਣੇ ਸਾਹਿਬ ਵਿਖੇ ਇਕ ਇਤਿਹਾਸਕ ਇਕੱਠ ਹੋਇਆ। ਇਹ ਇਕੱਠ ਮਾਸਟਰ ਤਾਰਾ ਸਿੰਘ ਦੇ ਜੀਵਨ ਵਿਚ ਵਿਸ਼ੇਸ਼ ਮਹਾਨਤਾ ਰੱਖਦਾ ਹੈ ਕਿਉਂਕਿ ਇਸੇ ਇਕੱਠ ਵਿਚ ਮਾਸਟਰ ਜੀ ਨੇ ਸੰਗਤਾਂ ਦੇ ਸਨਮੁਖ ਪ੍ਰਣ ਕੀਤਾ ਸੀ ਕਿ ਉਹ ਆਪਣਾ ਸਾਰਾ ਜੀਵਨ ਪੰਥ ਦੀ ਸੇਵਾ ਵਿਚ ਲਾ ਦੇਣਗੇ।

### ਕੁੰਜੀਆਂ ਦਾ ਮੋਰਚਾ—

ਗੁਰਦੁਆਰਿਆਂ ਦੇ ਮਹੰਤਾਂ ਰਾਹੀਂ ਸਿੱਖਾਂ ਨੂੰ ਕਾਬੂ ਵਿਚ ਰੱਖਣ ਦੀ ਸਰਕਾਰੀ ਚਾਲ ਅਸਫ਼ਲ ਰਹੀ। ਇਸ ਲਈ ਹੁਣ ਅੰਗਰੇਜ਼ ਸਰਕਾਰ ਨੇ ਗੁਰਧਾਮਾਂ ਦੇ ਪ੍ਰਬੰਧ ਉਪਰ ਅਧਿਕਾਰ ਜਿਤਲਾਉਣ ਦਾ ਉਪਰਾਲਾ ਕੀਤਾ। **1921** ਈਸਵੀ ਦੇ ਨਵੰਬਰ ਮਹੀਨੇ ਵਿਚ ਪੰਜਾਬ ਸਰਕਾਰ ਨੇ ਇਕ ਫ਼ੁਰਮਾਨ ਜਾਰੀ ਕੀਤਾ, ਜਿਸ ਅਨੁਸਾਰ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖ਼ਾਨੇ ਦੀਆਂ ਚਾਬੀਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਕਬਜ਼ੇ ਵਿਚ ਰੱਖਣ ਦੀ ਆਗਿਆ ਕੀਤੀ ਗਈ। ਨਾਲ ਹੀ ਅੰਮ੍ਰਿਤਸਰ ਜ਼ਿਲੇ ਵਿਚ ਜਲਸਿਆਂ-ਜਲੂਸਾਂ ਉਪਰ ਰੋਕ ਲਾ ਦਿੱਤੀ ਗਈ। ਜਦੋਂ ਸਿੱਖਾਂ ਨੇ ਸਰਕਾਰ ਦੀਆਂ ਇਨ੍ਹਾਂ ਕਾਰਵਾਈਆਂ ਵਿਰੁੱਧ ਰੋਸ-ਸਭਾਵਾਂ ਬੁਲਾਉਣ ਦਾ ਜਤਨ ਕੀਤਾ ਤਾਂ 'ਕੁੰਜੀਆਂ ਦਾ ਮੋਰਚਾ' ਲੱਗ ਗਿਆ*। ਇਸ ਸਮੇਂ ਸਿਖਾਂ ਵਿਚ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਮਹਿਤਾਬ ਸਿੰਘ ਤਿੱਖੀ ਸੂਝ

*ਬਾਬਾ ਖੜਕ ਸਿੰਘ ਅਭਿਨੰਦਨ ਗਰੰਥ, 185-86।

ਵਾਲੇ ਨੇਤਾ ਮੰਨੇ ਜਾਂਦੇ ਸਨ। ਮਾਸਟਰ ਤਾਰਾ ਸਿੰਘ ਨੂੰ ਧਾਰਮਿਕ ਕਾਰਜਾਂ ਅਤੇ ਰਾਜਨੀਤੀ ਵਿਚਕਾਰ ਤਾਲ-ਮੇਲ ਰੱਖਣ ਦੀ ਸੁੱਝੀ। ਸੁਭਾਵਕ ਹੀ 'ਕੁੰਜੀਆਂ ਦੇ ਮੋਰਚੇ' ਦਾ ਸਮਾਂ ਕਾਂਗਰਸ ਦੀ 'ਸਿਵਲ ਨਾ ਫ਼ੁਰਮਾਨੀ ਲਹਿਰ' ਨਾਲ ਮੇਲ ਖਾ ਗਿਆ। ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਕਮੇਟੀ ਪਾਸੋਂ ਸਿਵਲ ਨਾ ਫ਼ੁਰਮਾਨੀ ਦੇ ਹੱਕ ਵਿਚ ਮਤਾ ਪਾਸ ਕਰਵਾਇਆ ਅਤੇ ਕਾਂਗਰਸ ਦੇ ਆਗੂਆਂ ਲਾਲਾ ਲਾਜਪਤ ਰਾਇ ਅਤੇ ਡਾਕਟਰ ਸਤਿਆਪਾਲ ਨਾਲ ਸੰਪਰਕ ਰੱਖ ਕੇ ਪੰਜਾਬ ਵਿਚ ਦੋਹਾਂ ਲਹਿਰਾਂ ਨੂੰ ਇਕੋ ਹੀ ਬਣਾ ਦਿੱਤਾ। ਇਸੇ ਲਈ ਤਾਂ 'ਕੁੰਜੀਆਂ ਦੇ ਮੋਰਚੇ' ਦੀ ਜਿੱਤ ਨੂੰ ਮਹਾਤਮਾ ਗਾਂਧੀ ਨੇ ਵੀ ਭਾਰਤ ਦੀ ਸੁਤੰਤਰਤਾ ਲਹਿਰ ਦੀ ਪਹਿਲੀ ਜਿੱਤ ਦਰਸਾਇਆ ਸੀ ਅਤੇ ਦੂਜੇ ਪਾਸੇ ਅੰਗਰੇਜ਼ ਸਰਕਾਰ ਮਾਸਟਰ ਤਾਰਾ ਸਿੰਘ ਨੂੰ ਸਿੱਖਾਂ ਵਿਚੋਂ ਪਹਿਲੀ ਕਤਾਰ ਦੇ ਨੇਤਾਵਾਂ ਵਿਚੋਂ ਗਿਣਨ ਲੱਗ ਪਈ ਸੀ। ਇਸ ਦਾ ਪਰਤੱਖ ਸਬੂਤ ਸਾਨੂੰ ਗੁਰੂ ਕੇ ਬਾਗ਼ ਦੇ ਮਹੰਤ ਨਾਲ ਸਿੱਖਾਂ ਦੇ ਝਗੜੇ ਅਤੇ ਕਿਰਪਾਨ ਉੱਪਰ ਪਾਬੰਦੀ ਦੇ ਸਬੰਧ ਵਿਚ ਸਭ ਤੋਂ ਪਹਿਲੋਂ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਮਿਲਦਾ ਹੈ।

## ਬੇਲਾਗ ਰਾਜਨੀਤੀ–

ਸਰਕਾਰ ਪਾਸੋਂ ਹੁਣ ਸਿੱਖਾਂ ਦੀ ਵੱਡੀ ਮੰਗ ਇਹ ਸੀ ਕਿ ਗੁਰਦੁਆਰਿਆਂ ਦੇ ਪਰਬੰਧ ਸਬੰਧੀ ਕਾਨੂੰਨ ਬਣਾ ਕੇ ਉਨ੍ਹਾਂ ਦੇ ਧਰਮ ਅਸਥਾਨ ਸਿੱਖਾਂ ਦੀ ਕੇਂਦਰੀ ਸੰਸਥਾ ਦੇ ਹਵਾਲੇ ਕੀਤੇ ਜਾਣ। ਸਿੱਖਾਂ ਦੇ ਧਰਮ-ਅਸਥਾਨਾਂ ਵਿਚੋਂ ਕੁਰੀਤੀਆਂ ਦੂਰ ਕਰਨ ਅਤੇ ਸਿੱਖ ਰਾਜਨੀਤਕ ਬਲ ਨੂੰ ਸੰਗਠਤ ਕਰਨਾ ਇਸ ਮੰਗ ਦੇ ਉੱਘੇ ਮਨੋਰਥ ਸਨ। ਗਵਰਨਰੀ ਕੌਂਸਲ ਦਾ ਮੁਸਲਮਾਨ ਮੈਂਬਰ ਸਰ ਫ਼ਜ਼ਲ-ਇ-ਹੁਸੈਨ ਸਿੱਖਾਂ ਦੀ ਵੱਧਦੀ ਰਾਜਨੀਤਕ ਸ਼ਕਤੀ ਨੂੰ ਮੁਸਲਮਾਨਾਂ ਲਈ ਹਾਨੀਕਾਰਕ ਜਾਣਦਾ ਸੀ। ਉਸ ਨੇ ਸਿੱਖ ਨੇਤਾਵਾਂ



75226
13.11.90

ਵਿਚ ਫੁੱਟ ਪਾਉਣ ਲਈ ਮਾਸਟਰ ਤਾਰਾ ਸਿੰਘ ਨੂੰ ਖ਼ਰੀਦਣ ਦਾ ਯਤਨ ਕੀਤਾ। ਰਾਜਸੀ ਜੀਵਨ ਦੇ ਵਾਲਪੋਲੀ ਨਿਯਮ "ਹਰ ਮਨੁੱਖ ਦਾ ਆਪਣਾ ਮੁੱਲ ਹੁੰਦਾ ਹੈ" ਅਨੁਸਾਰ ਫ਼ਜ਼ਲ-ਇ-ਹੁਸੈਨ ਨੇ ਮਾਸਟਰ ਤਾਰਾ ਸਿੰਘ ਦਾ ਮੁੱਲ ਤਾਰਨਾ ਚਾਹਿਆ। ਉਸ ਨੇ ਮਾਸਟਰ ਜੀ ਦੇ ਭਰਾ ਪ੍ਰੋਫ਼ੈਸਰ ਨਿਰੰਜਨ ਸਿੰਘ ਨੂੰ ਸੱਦ ਕੇ ਕਿਹਾ ਕਿ ਜੇ ਮਾਸਟਰ ਜੀ ਤੇ ਉਨ੍ਹਾਂ ਦੇ ਸਾਥੀ ਅਕਾਲੀ ਨੇਤਾ ਉਸ ਵੱਲੋਂ ਪੇਸ਼ ਕੀਤੇ ਜਾ ਰਹੇ ਗੁਰਦੁਆਰਾ ਬਿੱਲ ਦਾ ਵਿਰੋਧ ਛੱਡ ਦੇਣ ਤਾਂ ਉਹ, ਉਸ (ਪ੍ਰੋਫ਼ੈਸਰ ਨਰਿੰਜਨ ਸਿੰਘ) ਨੂੰ ਆਈ. ਈ. ਐਸ. (ਇਮਪੀਰੀਅਲ ਐਜੂਕੇਸ਼ਨ ਸਰਵਿਸ) ਵਿਚ ਲਗਵਾ ਦੇਵੇਗਾ। ਪਰ ਉਸ ਨੂੰ ਕੀ ਪਤਾ ਸੀ ਕਿ ਮਾਸਟਰ ਤਾਰਾ ਸਿੰਘ ਨੇ ਰਾਜਸੀ ਜੀਵਨ ਕਿਸੇ ਸੁਆਰਥ ਸਦਕਾ ਨਹੀਂ, ਸਗੋਂ ਪੰਥ ਦੀ ਸੇਵਾ ਲਈ ਅਪਣਾਇਆ ਸੀ ਅਤੇ ਉਸ ਲਈ ਨਿੱਜੀ ਅਤੇ ਖ਼ਾਨਦਾਨੀ ਪ੍ਰਾਪਤੀਆਂ ਨਾਲੋਂ ਕੌਮੀ ਪ੍ਰਾਪਤੀਆਂ ਵਧੇਰੇ ਮਹਾਨਤਾ ਰਖਦੀਆਂ ਸਨ। ਮਾਸਟਰ ਜੀ ਦੀ ਕੌਮੀ ਹਿੱਤਾਂ ਪ੍ਰਤੀ ਇਸ ਦਿਆਨਤਦਾਰੀ ਨੇ ਜਿੱਥੇ ਫ਼ਜ਼ਲ-ਇ-ਹੁਸੈਨ ਨੂੰ ਨਿਰਾਸ ਕਰ ਦਿੱਤਾ ਉਥੇ ਸਿੱਖ ਕੌਮ ਨੂੰ ਗੁਰਦੁਆਰਾ ਐਕਟ ਪਾਸ ਕਰਵਾਉਣ ਲਈ ਇਕ ਲੰਮੇ ਸੰਘਰਸ਼ ਵਿਚ ਪਾ ਦਿੱਤਾ।

## ਨਾਭੇ ਦਾ ਮੋਰਚਾ—

ਨਾਭਾ-ਨਰੇਸ਼ ਰੌਸ਼ਨ ਖ਼ਿਆਲ ਅਤੇ ਅਗਾਂਹ-ਵਧੂ ਸਿਖ ਰਾਜਾ ਸੀ। ਆਮ ਚਰਚਾ ਇਹ ਸੀ ਕਿ ਉਸ ਦੀ ਗੁਰਦੁਆਰਾ ਸੁਧਾਰ ਲਹਿਰ ਨਾਲ ਪੂਰਨ ਹਮਦਰਦੀ ਸੀ ਅਤੇ ਉਹ ਅਕਾਲੀਆਂ ਨੂੰ ਮਾਇਕ ਸਹਾਇਤਾ ਵੀ ਦੇਂਦਾ ਸੀ। ਇਸ ਲਈ ਅੰਗਰੇਜ਼ ਸਰਕਾਰ ਨੇ ਉਸ ਨੂੰ ਨਾਭੇ ਦੀ ਰਾਜਗੱਦੀ ਤੋਂ ਬੇਦਖ਼ਲ ਕਰ ਦਿੱਤਾ। ਮਾਸਟਰ ਤਾਰਾ ਸਿੰਘ ਸੁਭਾਵਕ ਤੌਰ ਤੇ ਹੀ ਇਹ ਧੱਕੇਸ਼ਾਹੀ ਨਹੀਂ ਸਹਾਰ ਸਕਦਾ ਸੀ। ਉਸ ਦੀ ਅਗਵਾਈ ਹੇਠ ਨਾਭਾ ਰਾਜ ਅਤੇ ਪੰਜਾਬ ਦੇ

ਸਿੱਖਾਂ ਨੇ ਰੋਸ-ਸਮਾਗਮ ਕੀਤੇ ਅਤੇ ਜਦੋਂ ਨਾਭੇ ਦੀ ਪੁਲੀਸ ਨੇ ਇਨ੍ਹਾਂ ਸਮਾਗਮਾਂ ਵਿਚ ਵਿਘਨ ਪਾਉਣ ਦਾ ਹੀਆ ਕੀਤਾ ਤਾਂ ਸ਼੍ਰੋਮਣੀ ਕਮੇਟੀ ਵਿਚ ਮਾਸਟਰ ਜੀ ਵਲੋਂ ਪੇਸ਼ ਕੀਤੇ ਮਤੇ ਰਾਹੀਂ ਮਹਾਰਾਜਾ ਨਾਭਾ ਪ੍ਰਤੀ ਇਨਸਾਫ਼ ਦੀ ਮੰਗ ਕੀਤੀ ਗਈ ਅਤੇ ਜੈਤੋ ਦਾ ਮੋਰਚਾ ਅਰੰਭ ਹੋ ਗਿਆ*। ਮਾਸਟਰ ਤਾਰਾ ਸਿੰਘ ਨੂੰ ਹੋਰ ਅਕਾਲੀ ਨੇਤਾਵਾਂ ਸਮੇਤ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਅਤੇ ਉਨ੍ਹਾਂ ਉਪਰ ਰਾਜ-ਧਰੋਹੀ ਹੋਣ ਦਾ ਦੋਸ਼ ਲਾਇਆ ਗਿਆ। ਇਹ ਮੁਕੱਦਮਾ ਦੋ ਸਾਲ ਤਿੰਨ ਮਹੀਨੇ ਚਲਦਾ ਰਿਹਾ ਅਤੇ ਇਤਿਹਾਸ ਵਿਚ ਇਹ 'ਅਕਾਲੀ ਲੀਡਰਜ਼ ਕੇਸ' ਕਰ ਕੇ ਪਰਸਿੱਧ ਹੈ। ਵਿਸ਼ੇਸ਼ ਤੌਰ ਤੇ ਇਸ ਮੁਕੱਦਮੇ ਦੀ ਦਿਲਚਸਪ ਗੱਲ ਇਹ ਹੈ ਕਿ ਮਾਸਟਰ ਤਾਰਾ ਸਿੰਘ ਅਤੇ ਹੋਰ ਨੇਤਾਵਾਂ ਉੱਪਰ ਇਹ ਵੀ ਦੋਸ਼ ਮੜ੍ਹਿਆ ਗਿਆ ਕਿ ਉਹ ਅੰਗਰੇਜ਼ੀ ਰਾਜ ਦਾ ਅੰਤ ਕਰ ਕੇ ਸਿੱਖ ਸਟੇਟ ਉਲੀਕਣਾ ਚਾਹੁੰਦੇ ਸਨ। ਇਤਿਹਾਸ ਦੀ ਇਹ ਇਕ ਵਚਿੱਤਰ ਸੱਚਾਈ ਹੈ ਕਿ ਉਸ ਸਮੇਂ ਤਾਂ ਇਹ ਦੋਸ਼ ਮਨਘੜਤ ਸੀ, ਪਰ ਕੁਝ ਸਾਲ ਪਿਛੋਂ ਜਦੋਂ ਅੰਗਰੇਜ਼ਾਂ ਨੇ ਭਾਰਤ ਦੀ ਸੁਤੰਤਰਤਾ ਦੇ ਨਾਲ ਹੀ ਦੇਸ਼ ਦੀ ਵੰਡ ਨੂੰ ਅਸੂਲੀ ਤੌਰ ਤੇ ਪਰਵਾਨ ਕਰ ਲਿਆ ਤਾਂ ਮਾਸਟਰ ਤਾਰਾ ਸਿੰਘ ਨੇ ਭਾਰਤ-ਪਾਕਿਸਤਾਨ ਵਿਚਕਾਰ ਮਧਯਵਰਤੀ ਰਾਜ ਵਜੋਂ ਸਿਖ ਸਟੇਟ ਬਣਾਏ ਜਾਣ ਦੀ ਮੰਗ ਕੀਤੀ।

## ਸਵੈਮਾਣ ਦੀ ਰੱਖਿਆ ਤੇ ਗੁਰਦੁਆਰਾ ਐਕਟ–

ਸਿੱਖਾਂ ਦੇ ਸਾਹਸ ਅਗੇ ਸਰਕਾਰ ਨੂੰ ਜਿੱਚ ਹੋਣਾ ਪਿਆ ਅਤੇ

---

*Narang G. C.—Transformation of Sikhism, 195.

'ਅਕਾਲੀ ਲੀਡਰਜ਼ ਕੇਸ' ਵਿਚ ਜੱਜ ਦੇ ਸਨਮੁਖ ਬਿਆਨ ਵਿਚ ਮਾਸਟਰ ਤਾਰਾ ਸਿੰਘ ਨੇ ਇਹ ਮੰਨਿਆ ਕਿ ਨਾਭੇ ਦੇ ਮੋਰਚੇ ਲਈ ਬਹੁਤੀ ਜ਼ਿਮੇਵਾਰੀ ਉਨ੍ਹਾਂ ਦੀ ਹੀ ਸੀ।

ਭਾਰਤ ਵਿਚ ਰਹਿ ਚੁਕੇ ਸੈਨਾਪਤੀ ਸਰ ਬਰਡਵੁਡ ਰਾਹੀਂ ਅਕਾਲੀ ਨੇਤਾਵਾਂ ਨਾਲ ਜੇਲ੍ਹ ਵਿਚ ਹੀ ਗੱਲ-ਬਾਤ ਅਰੰਭੀ ਗਈ। ਉਨ੍ਹਾਂ ਅੱਗੇ ਗੁਰਦੁਆਰਾ ਬਿੱਲ ਦਾ ਇਕ ਮਸੌਦਾ ਪੇਸ਼ ਕੀਤਾ ਗਿਆ, ਜਿਸ ਦੀ ਹਰੇਕ ਧਾਰਾ ਨੂੰ ਅਕਾਲੀ ਆਗੂਆਂ ਨੇ ਵਿਚਾਰਿਆ। ਮਾਸਟਰ ਤਾਰਾ ਸਿੰਘ ਅਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਉਚੇਚੇ ਤੌਰ ਤੇ ਦਿਲਚਸਪੀ ਲੈ ਕੇ ਇਸ ਬਿਲ ਵਿਚ ਕਈ ਤਬਦੀਲੀਆਂ ਕਰਾਉਣ ਦੇ ਸੁਝਾਅ ਦਿੱਤੇ, ਜਿਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਪਰਵਾਨ ਕਰ ਲਿਆ ਗਿਆ। ਪਰ ਜਦੋਂ ਅਕਾਲੀ ਆਗੂਆਂ ਅਤੇ ਬੰਦੀ ਵਿਚ ਸੁੱਟੇ ਕਈ ਹਜ਼ਾਰ ਕੈਦੀਆਂ ਨੂੰ ਰਿਹਾ ਕਰਨ ਦੀ ਸਮੱਸਿਆ ਸਾਹਮਣੇ ਆਈ ਤਾਂ ਅੰਗਰੇਜ਼ ਸਰਕਾਰ ਨੇ ਆਪਣੀ ਵਿਧਾਨਕ ਰੁਚੀ ਉਪਰ ਕਾਇਮ ਰਹਿਣ ਲਈ ਇਹ ਸ਼ਰਤ ਲਾਈ ਕਿ ਜੋ ਕੈਦੀ ਗੁਰਦੁਆਰਾ ਬਿੱਲ ਨੂੰ ਪਰਵਾਨ ਕਰ ਕੇ ਇਹ ਨਿਸਚਾ ਦਿਵਾ ਦੇਣਗੇ ਕਿ ਉਹ ਜ਼ੋਰੀਂ ਗੁਰਦੁਆਰਿਆਂ ਜਾਂ ਮਹੰਤਾਂ ਦੀ ਸੰਪਤੀ ਉਪਰ ਕਬਜ਼ਾ ਨਹੀਂ ਕਰਨਗੇ ਉਨ੍ਹਾਂ ਨੂੰ ਤੁਰਤ ਹੀ ਰਿਹਾ ਕਰ ਦਿੱਤਾ ਜਾਵੇਗਾ। ਬਹੁਤੇ ਸਿੱਖ ਕੈਦੀਆਂ ਅਤੇ ਅਕਾਲੀ ਨੇਤਾਵਾਂ ਨੇ ਇਹ ਸ਼ਰਤ ਪਰਵਾਨ ਕਰ ਲਈ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਸ਼ਰਤ ਸਰਕਾਰ ਨੇ ਆਪਣੇ ਅਖਾਉਤੀ ਇਕਬਾਲ ਨੂੰ ਕਾਇਮ ਰੱਖਣ ਲਈ ਰੱਖੀ ਸੀ। ਅਸਲ ਵਿਚ ਇਸ ਸ਼ਰਤ ਦਾ ਕੋਈ ਅਰਥ ਹੀ ਨਹੀਂ ਸੀ। ਪਰ ਮਾਸਟਰ ਤਾਰਾ ਸਿੰਘ ਲਈ ਸਰਕਾਰ ਵੱਲੋਂ ਇਸ ਸ਼ਰਤ ਦੀ ਲਿਖਤੀ ਪ੍ਰਵਾਨਗੀ ਉਪਰ ਜ਼ੋਰ ਦੇਣਾ ਸਿੱਖਾਂ ਦੇ ਸਵੈ-ਮਾਣ ਨੂੰ ਟੁੰਬਣ ਦੇ ਤੁੱਲ ਸੀ। ਉਨ੍ਹਾਂ ਕਿਹਾ, "ਐਕਟ ਤਾਂ ਅਸੀਂ ਆਪ ਹੀ ਬਣਾਇਆ ਹੈ, ਇਸ ਨੂੰ ਪਰਵਾਨ ਚੜ੍ਹਾਉਣਾ ਹੀ ਹੈ, ਫੇਰ ਇਸ ਸ਼ਰਤ ਦਾ ਕੀ ਅਰਥ?" ਸਿੱਟੇ ਵਜੋਂ ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਰਦਾਰ ਤੇਜਾ ਸਿੰਘ ਸਮੁੰਦਰੀ ਨੂੰ ਰਿਹਾ ਨਾ ਕੀਤਾ ਗਿਆ। ਤੇਜਾ ਸਿੰਘ ਸਮੁੰਦਰੀ ਤਾਂ ਕੁਝ ਚਿਰ ਪਿੱਛੋਂ ਜੇਲ੍ਹ ਵਿਚ ਹੀ

ਚੜ੍ਹਾਈ ਕਰ ਗਏ ਅਤੇ ਮਾਸਟਰ ਤਾਰਾ ਸਿੰਘ ਨੂੰ ਕੁਝ ਮਹੀਨਿਆਂ ਪਿੱਛੋਂ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਗਿਆ ।

## ਮਾਸਟਰ ਤਾਰਾ ਸਿੰਘ ਤੇ ਕਾਂਗਰਸ—

ਮਾਸਟਰ ਜੀ ਦੀ ਇਸ ਦ੍ਰਿੜ੍ਹਤਾ ਤੇ ਸੱਚਾਈ ਨੂੰ ਜਿਥੇ ਸਿੱਖ ਕੌਮ ਵੱਲੋਂ ਪ੍ਰਸੰਸਾ ਅਤੇ ਸਨਮਾਨ ਪ੍ਰਾਪਤ ਹੋਇਆ, ਉਥੇ ਉਨ੍ਹਾਂ ਦੀ ਵਿਅਕਤੀ ਵੱਲ ਭਾਰਤੀ ਕੌਮੀ ਨੇਤਾ ਵੀ ਖਿੱਚੇ ਗਏ। ਕਾਂਗਰਸੀ ਨੇਤਾ ਇਹ ਮੰਨਣ ਲੱਗ ਪਏ ਕਿ ਸਿੱਖਾਂ ਵਿਚ ਉੱਤਮ ਵਿਚਾਰ-ਸ਼ਕਤੀ ਰੱਖਣ ਵਾਲਾ ਆਗੂ ਕੇਵਲ ਮਾਸਟਰ ਤਾਰਾ ਸਿੰਘ ਹੀ ਸੀ। ਪੰਜਾਬ ਵਿਚ ਸੁਤੰਤਰਤਾ ਲਹਿਰ ਚਲਾਉਣ ਅਤੇ ਕਾਂਗਰਸ ਪਾਰਟੀ ਨੂੰ ਸੰਗਠਤ ਕਰਨ ਸਬੰਧੀ ਮਾਸਟਰ ਤਾਰਾ ਸਿੰਘ ਦੀ ਸਲਾਹ ਅਤੇ ਅਗਵਾਈ ਲਈ ਜਾਣ ਲੱਗੀ। ਲਾਲਾ ਲਾਜਪਤ ਰਾਇ ਦੀ ਮਾਸਟਰ ਤਾਰਾ ਸਿੰਘ ਵੱਲ ਲਿਖੀ ਇਕ ਚਿੱਠੀ ਤੋਂ ਪਤਾ ਲਗਦਾ ਹੈ ਕਿ ਪਿੰਡਾਂ ਵਿਚ ਮੰਡਲ ਕਾਂਗਰਸ ਕਮੇਟੀਆਂ ਸੰਗਠਤ ਕਰਨ ਵਿਚ ਮਾਸਟਰ ਜੀ ਨੇ ਕਾਂਗਰਸੀ ਆਗੂਆਂ ਦੀ ਨਿੱਗਰ ਸਹਾਇਤਾ ਕੀਤੀ ਸੀ। ਫੇਰ ਵੀ ਕਾਂਗਰਸੀ ਨੇਤਾ ਮਾਸਟਰ ਤਾਰਾ ਸਿੰਘ ਦੀ ਦੇਸ਼-ਭਗਤੀ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕੇ ਸਨ; ਉਹ ਧਰਮ ਸਬੰਧੀ ਉਸ ਵਿਚ ਵਧੇਰੇ ਜੋਸ਼ ਦੇਖਦੇ ਰਹੇ। ਕੌਮੀ ਪੱਧਰ ਵਾਲੇ ਕਾਂਗਰਸੀ ਨੇਤਾ, ਗੁਰਦੁਆਰਾ ਸੁਧਾਰ ਲਹਿਰ ਨੂੰ ਪੰਜਾਬ ਵਿਚ ਉਪਜੀ ਦੇਸ਼-ਭਗਤੀ ਦੀ ਭਾਵਨਾ ਨੂੰ ਪੁੱਠੀ ਚਾਲੇ ਪਾਉਣਾ ਹੀ ਸਮਝਦੇ ਰਹੇ ਅਤੇ ਇਸ ਵਿਸ਼ੇ ਤੇ ਮਾਸਟਰ ਤਾਰਾ ਸਿੰਘ ਨਾਲ ਉਨ੍ਹਾਂ ਦਾ ਮਤ-ਭੇਦ ਹੀ ਰਿਹਾ। ਮਾਸਟਰ ਤਾਰਾ ਸਿੰਘ ਅਨੁਭਵ ਕਰਦਾ ਸੀ ਕਿ ਧਾਰਮਕ ਸੁਧਾਰ ਤੋਂ ਬਿਨਾਂ ਸਿੱਖਾਂ ਵਿਚਕਾਰ ਕੌਮੀ ਚੇਤਨਤਾ ਸਵੱਛ ਰੂਪ ਵਿਚ ਉਜਾਗਰ ਨਹੀਂ ਕੀਤੀ ਜਾ ਸਕਦੀ। ਇਸੇ ਲਈ ਉਨ੍ਹਾਂ ਨੇ ਮੁਢ ਤੋਂ ਹੀ ਗੁਰਦੁਆਰਾ ਸੁਧਾਰ ਵੱਲ ਪੂਰਾ ਜੋਸ਼ ਦਿਖਾਇਆ ਸੀ ਅਤੇ ਕਾਂਗਰਸ ਦੀ ਸੁਤੰਤਰਤਾ-

ਲਹਿਰ ਨੂੰ ਪੂਰਨ ਸਹਿਯੋਗ ਦਿੱਤਾ। ਸਮਾਂ ਪੈਣ ਤੇ ਕਾਂਗਰਸੀ ਨੇਤਾ ਵੀ ਮਾਸਟਰ ਤਾਰਾ ਸਿੰਘ ਦੇ ਇਸ ਵਿਚਾਰ ਦੀ ਪੁਸ਼ਟੀ ਕਰਨ ਲੱਗ ਪਏ। ਉਨ੍ਹਾਂ ਦੇਖ ਲਿਆ ਸੀ ਕਿ ਗੁਰਦੁਆਰਾ ਸੁਧਾਰ ਲਹਿਰ ਦੇ ਮੋਰਚਿਆਂ ਨੇ ਹੀ ਪੰਜਾਬ ਵਿਚੋਂ ਅੰਗਰੇਜ਼ਾਂ ਦੇ ਦਾਬੇ ਦਾ ਅੰਤ ਕਰ ਕੇ ਸੁਤੰਤਰਤਾ ਲਹਿਰ ਦੇ ਪ੍ਰਫੁਲਤ ਹੋਣ ਲਈ ਰਾਹ ਬਣਾਇਆ ਸੀ। ਇਸੇ ਕਾਰਨ ਮਾਸਟਰ ਤਾਰਾ ਸਿੰਘ ਨਾਲ ਮੱਤ-ਭੇਦ ਹੋਣ ਤੇ ਵੀ ਪੰਜਾਬ ਕਾਂਗਰਸ, ਅਗਵਾਈ ਲਈ ਮਾਸਟਰ ਜੀ ਵੱਲ ਹੀ ਝਾਕਦੀ ਰਹੀ। ਕਾਂਗਰਸੀ ਨੇਤਾਵਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਮਾ: ਤਾਰਾ ਸਿੰਘ ਹੀ ਇਕੋ ਇੱਕ ਨਿਧੱੜਕ ਤੇ ਦਲੇਰ ਪੁਰਸ਼ ਸੀ ਜੋ ਪੰਜਾਬ ਵਿਚ ਅੰਗਰੇਜ਼ਾਂ ਵਿਰੁੱਧ ਲਗਾਤਾਰ ਸੰਘਰਸ਼ ਜਾਰੀ ਰੱਖ ਸਕਦਾ ਸੀ*। ਕਾਂਗਰਸ ਦੀ ਇਸ ਦੁਬਿਧਾ ਦਾ ਮੂਲ ਕਾਰਨ ਇਹ ਸੀ ਕਿ ਉਸ ਦਾ ਰਾਸ਼ਟਰੀ ਏਕਤਾ ਦਾ ਅਖੌਤੀ ਅਨੁਭਵ ਸਾਮਰਾਜੀਆਂ ਵਾਲਾ ਹੀ ਸੀ। ਧਾਰਮਿਕ ਫ਼ਿਰਕਿਆਂ ਦੀ ਸਵੈ-ਰਖਿਆ ਦੀ ਭਾਵਨਾ ਵਿਚੋਂ ਇਸ ਨੂੰ 'ਦੇਸ਼-ਧ੍ਰੋਹ' ਦੀ ਝਲਕ ਪੈਂਦੀ ਸੀ।

ਕਾਂਗਰਸੀ ਨੀਤੀਆਂ ਦੀ ਇਸ ਰੌਅ ਨੇ ਮਾਸਟਰ ਤਾਰਾ ਸਿੰਘ ਲਈ ਕਈ ਸਮੱਸਿਆਵਾਂ ਖੜੀਆਂ ਕਰਨੀਆਂ ਅਰੰਭ ਦਿੱਤੀਆਂ। ਸੁਭਾਵਕ ਦ੍ਰਿਸ਼ਟੀ ਤੋਂ ਮਾਸਟਰ ਤਾਰਾ ਸਿੰਘ, ਘਟ-ਗਿਣਤੀ ਦੇ ਲੋਕਾਂ ਲਈ ਕੇਵਲ ਸੁਰੱਖਿਆ ਹੀ ਨਹੀਂ, ਸਗੋਂ ਉਨ੍ਹਾਂ ਦੇ ਸਵੈਮਾਣ ਲਈ ਵੀ ਵਿਧਾਨਕ ਜ਼ਾਮਨੀ ਦੇ ਹੱਕ ਵਿਚ ਸੀ। ਪਰ ਇਸ ਦੇ ਨਾਲ ਹੀ ਉਹ ਸੁਤੰਤਰਤਾ-ਪ੍ਰਾਪਤੀ ਲਈ ਹੋ ਰਹੇ ਯਤਨਾਂ ਵਿਚ ਵੀ ਢਿੱਲ ਨਹੀਂ ਸੀ ਪੈਣ ਦੇਣੀ ਚਾਹੁੰਦਾ। ਇਸੇ ਕਰਕੇ ਉਸ ਨੇ ਕਾਂਗਰਸ ਨੂੰ ਕੌਮੀ ਸੁਤੰਤਰਤਾ ਦੀ ਲਹਿਰ ਵਿਚ ਸਹਿਯੋਗ ਦੇਣ ਦੇ ਨਾਲ ਨਾਲ ਸਿੱਖਾਂ ਦੇ ਹੱਕਾਂ ਸਬੰਧੀ ਸੁਚੇਤ ਰਹਿਣ ਦੀ ਨੀਤੀ ਅਪਣਾਈ। 1924 ਈਸਵੀ

---

*Statement of Principal Niranjan Singh Recorded by the author (S. H. R. Deptt., khalsa College, Amritsar.)

ਪਿਛੋਂ ਹਿੰਦੂ-ਮੁਸਲਿਮ ਫ਼ਿਰਕੂ ਸਮੱਸਿਆ ਦਿਨੋ ਦਿਨ ਗੁੰਝਲਦਾਰ ਹੀ ਬਣਦੀ ਗਈ। ਇਸ ਦੁਚਿੱਤੀ ਤੇ ਖਿੱਚੋਤਾਣ ਦੀ ਹਾਲਤ ਵਿਚ ਮਾਸਟਰ ਤਾਰਾ ਸਿੰਘ ਸਿੱਖ ਹਿੱਤਾਂ ਦਾ ਪਹਿਰੇਦਾਰ ਬਣ ਬੈਠਾ। ਸਰਬ-ਭਾਰਤੀ ਕਾਂਗਰਸ ਕਮੇਟੀ ਦੇ ਮੈਂਬਰ ਹੋਣ ਵਜੋਂ ਉਹ ਰਾਸ਼ਟਰੀ ਪੱਧਰ ਦੇ ਨੇਤਾਵਾਂ ਨੂੰ ਸਿੱਖਾਂ ਦੀ ਵਿਸ਼ੇਸ਼ਤਾ ਸਬੰਧੀ ਚੇਤੰਨ ਰਖਦਾ ਰਿਹਾ। 1927 ਈਸਵੀ ਵਿਚ ਕਾਂਗਰਸ ਦੇ ਗੋਹਾਟੀ ਸਮਾਗਮ ਸਮੇਂ ਮਾਸਟਰ ਤਾਰਾ ਸਿੰਘ ਨੇ ਉਚੇਚੇ ਤੌਰ ਤੇ ਕਾਂਗਰਸ ਪ੍ਰਧਾਨ ਸ੍ਰੀ ਨਿਵਾਸ ਆਇੰਗਰ ਤੋਂ ਮੰਗ ਕੀਤੀ ਕਿ ਸਾਂਝੀਆਂ ਤੇ ਅਫ਼ਿਰਕੂ ਚੋਣਾਂ ਦੇ ਨਿਯਮ ਤੇ ਸਿਧਾਂਤਕ ਪੱਖ ਤੋਂ ਤਾਂ ਸਿੱਖਾਂ ਨੂੰ ਕੋਈ ਇਤਰਾਜ਼ ਨਹੀਂ, ਪਰ ਇਸ ਨਿਯਮ ਦੇ ਪ੍ਰਵਾਨ ਹੋਣ ਦੀ ਹਾਲਤ ਵਿਚ ਸਿੱਖਾਂ ਲਈ ਰਾਖਵੀਆਂ ਸੀਟਾਂ ਤੇ ਉਨ੍ਹਾਂ ਦੀ ਸੁਰੱਖਿਆ ਲਈ ਰਾਹ ਬਣਾਇਆ ਜਾਵੇ। ਇਸੇ ਸਾਲ ਹੀ ਕਾਂਗਰਸ ਕਮੇਟੀ ਦੇ ਮਦਰਾਸ ਵਿਖੇ ਹੋਏ ਸਮਾਗਮ ਵਿਚ ਮਾਸਟਰ ਤਾਰਾ ਸਿੰਘ ਨੇ ਡਾਕਟਰ ਅਨਸਾਰੀ ਤੋਂ ਵੀ ਇਹ ਬਚਨ ਲੈ ਲਿਆ ਕਿ ਫ਼ਿਰਕੂ ਸਮੱਸਿਆ ਸੁਲਝਾਉਣ ਲਈ ਬਣਾਏ ਗਏ ਕਿਸੇ ਵੀ ਫ਼ਾਰਮੂਲੇ ਵਿਚ ਸਿੱਖਾਂ ਸਬੰਧੀ ਵਿਸ਼ੇਸ਼ ਵਿਵਸਥਾ ਹੋਵੇਗੀ। ਇਸੇ ਤਰ੍ਹਾਂ 1928 ਵਿਚ ਜਦੋਂ ਕਲਕੱਤੇ ਵਿਚ ਆਲ ਪਾਰਟੀਜ਼ ਕਾਨਫ਼ਰੰਸ ਹੋਈ ਤਾਂ ਉਥੇ ਵੀ ਮਾਸਟਰ ਤਾਰਾ ਸਿੰਘ ਨੇ ਸਰਦਾਰ ਮੰਗਲ ਸਿੰਘ ਦੀ ਸਹਾਇਤਾ ਨਾਲ ਸਿੱਖ-ਦ੍ਰਿਸ਼ਟੀਕੋਣ ਪੇਸ਼ ਕੀਤਾ ਅਤੇ ਪੰਜਾਬ ਵਿਚ ਸਾਰੇ ਖੇਤਰਾਂ ਵਿਚ ਸਿੱਖਾਂ ਲਈ 33% ਪ੍ਰਤੀਨਿਧਤਾ ਦੀ ਮੰਗ ਕੀਤੀ। ਅਣਥੱਕ ਅਤੇ ਸੂਝਵਾਨ ਤਾਰਾ ਸਿੰਘ ਨੇ ਮਹਾਤਮਾ ਗਾਂਧੀ ਨੂੰ ਵੀ ਮੰਨਵਾ ਲਿਆ ਕਿ ਨਵੀਂ ਰਾਸ਼ਟਰੀ ਬਣਤਰ ਵਿਚ ਸਿੱਖਾਂ ਨੂੰ ਯੋਗ ਹੱਕ ਦਿਵਾਉਣ ਲਈ ਉਹ ਆਪਣੇ ਇਖ਼ਲਾਕੀ ਦਬਾ ਦੀ ਵਰਤੋਂ ਕਰਨਗੇ। ਮੋਤੀ ਲਾਲ ਨਹਿਰੂ ਨੂੰ ਮਾਸਟਰ ਤਾਰਾ ਸਿੰਘ ਦੀਆਂ ਇਹ ਰਾਜਨੀਤਕ ਕਾਰਵਾਈਆਂ ਉੱਕਾ ਹੀ ਪਸੰਦ ਨਹੀਂ ਸਨ ਅਤੇ ਉਹ ਸਿੱਖਾਂ ਨੂੰ ਵਿਸ਼ੇਸ਼ ਮਹਾਨਤਾ ਦੇਣ ਦੇ ਮੂਲੋਂ ਹੀ

ਵਿਰੁੱਧ ਸੀ। ਮਾਸਟਰ ਤਾਰਾ ਸਿੰਘ ਨੂੰ ਮੋਤੀ ਲਾਲ ਦੇ ਸਿੱਖਾਂ ਪ੍ਰਤੀ ਇਸ ਰੁੱਖੇ ਵਰਤਾਉ ਸਬੰਧੀ ਵਿਸ਼ੇਸ਼ ਗਿਲਾ ਸੀ ਅਤੇ ਇਸ ਸਬੰਧੀ ਉਸ ਨੇ ਮਹਾਤਮਾ ਗਾਂਧੀ ਅਗੇ ਵੀ ਸ਼ਿਕਾਇਤ ਕੀਤੀ।*

1929 ਈਸਵੀ ਵਿਚ ਮਾਸਟਰ ਤਾਰਾ ਸਿੰਘ, ਸਿੱਖ ਰਾਜਸੀ ਜੀਵਨ ਵਿਚ ਸਿੱਖਰ ਤੇ ਪੁਜ ਚੁਕਾ ਸੀ। ਉਹ ਅਕਾਲੀ ਦਲ ਅਤੇ ਸੈਂਟਰਲ ਸਿੱਖ ਲੀਗ ਦੋਹਾਂ ਦਾ ਪ੍ਰਧਾਨ ਸੀ। ਇਸ ਸਮੇਂ ਤੱਕ ਬਾਬਾ ਖੜਕ ਸਿੰਘ ਦਾ ਪ੍ਰਭਾਵ ਘਟ ਚੁਕਾ ਸੀ। ਅੰਗਰੇਜ਼ ਸਰਕਾਰ ਦੇ ਸੂਹੀਏ ਬਾਬਾ ਖੜਕ ਸਿੰਘ ਦੇ ਜ਼ਿੱਦੀ ਸੁਭਾ ਤੋਂ ਅਯੋਗ ਲਾਭ ਉਠਾ ਕੇ, ਉਨ੍ਹਾਂ ਦੇ ਅਥਾਹ ਸਿੱਖੀ ਜੋਸ਼ ਨੂੰ ਫ਼ਿਰਕੂ ਰੰਗਣ ਦੇ ਕੇ ਪੰਜਾਬ ਵਿਚ ਕਾਂਗਰਸ ਅਤੇ ਸਿੱਖਾਂ ਵਿਚਕਾਰ ਵਿੱਥ ਪੈਦਾ ਕਰਨ ਦੇ ਉਪਰਾਲੇ ਕਰਦੇ ਰਹਿੰਦੇ ਸਨ। ਚਾਤਰ ਨੀਤੀਵਾਨ ਹੋਣ ਵਜੋਂ ਮਾਸਟਰ ਤਾਰਾ ਸਿੰਘ ਨੇ ਅੰਗਰੇਜ਼ਾਂ ਦੀ ਇਸ ਚਾਲ ਨੂੰ ਸਮਝ ਲਿਆ। ਨਾਲ ਹੀ ਉਸ ਨੂੰ ਇਹ ਵੀ ਪਤਾ ਸੀ ਕਿ ਸਰਬ ਭਾਰਤੀ ਪੱਧਰ ਤੇ ਉਹ ਸਿੱਖ ਹੱਕਾਂ ਦੀ ਰਖਵਾਲੀ ਕਾਂਗਰਸ ਨਾਲ ਸੰਪਰਕ ਰਖਣ ਤੋਂ ਬਿਨਾਂ ਨਹੀਂ ਕਰ ਸਕਦਾ ਸੀ। ਇਸ ਲਈ ਸੁਤੰਤਰਤਾ-ਘੋਲ ਵਿਚ ਉਸ ਨੇ ਕਾਂਗਰਸ ਦਾ ਕਦੇ ਵੀ ਸਾਥ ਨ ਛੱਡਿਆ†। ਜਦੋਂ ਭਾਰਤ ਦੇ ਰਾਜਸੀ ਸੰਕਟ ਨੂੰ ਸੁਲਝਾਉਣ ਲਈ ਮੋਤੀ ਲਾਲ ਨਹਿਰੂ ਕਮੇਟੀ ਥਾਪੀ ਗਈ ਤਾਂ ਮੋਤੀ ਲਾਲ ਨਾਲ ਕੁੜਿੱਤਣ ਹੁੰਦਿਆਂ ਵੀ ਮਾਸਟਰ ਤਾਰਾ ਸਿੰਘ ਇਕ ਪ੍ਰਤੀਨਿਧ ਮੰਡਲ ਲੈ ਕੇ ਸਿੱਖਾਂ ਵੱਲੋਂ ਇਸ ਕਮੇਟੀ ਨੂੰ ਜਾ ਮਿਲਿਆ ਅਤੇ ਇਸ ਅੱਗੇ ਜ਼ੋਰਦਾਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਿੱਖਾਂ ਦੇ ਤੌਖਲੇ ਤੇ ਮੰਗਾਂ ਪੇਸ਼ ਕੀਤੀਆਂ। ਪਰ ਜਦੋਂ ਇਹ ਰੀਪੋਰਟ ਸਾਹਮਣੇ ਆਈ ਤਾਂ ਇਸ ਵਿਚ ਸਿੱਖ ਘੱਟ-ਗਿਣਤੀ ਸਬੰਧੀ ਕੋਈ ਜ਼ਿਕਰ ਤੱਕ ਹੀ ਨਹੀਂ ਸੀ। ਇਸ ਅਵਸਰ ਤੇ ਮਾਸਟਰ

*Durlabh Singh — The Valiant Fighter, 94–97.
†Khushwant Singh — The Sikhs, 115.

ਤਾਰਾ ਸਿੰਘ ਨੇ ਕਾਂਗਰਸ ਦੇ ਪਾਰਟੀ-ਬੰਧੇਜ ਦੀ ਪ੍ਰਵਾਹ ਨਾ ਕਰਦਿਆਂ ਇਸ ਰੀਪੋਰਟ ਦਾ ਜ਼ੋਰਦਾਰ ਵਿਰੋਧ ਕੀਤਾ। ਸੈਂਟਰਲ ਸਿੱਖ ਲੀਗ ਨੇ ਮਾਸਟਰ ਤਾਰਾ ਸਿੰਘ ਦੀ ਪ੍ਰਧਾਨਗੀ ਹੇਠ ਹੀ ਇਸ ਰੀਪੋਰਟ ਨੂੰ ਅਪਰਵਾਨ ਕਰ ਕੇ ਕਾਂਗਰਸ ਦੇ ਵਾਰਸਕ ਸਮਾਗਮ ਤੇ ਵਿਖਾਵਾ ਕਰਨ ਦਾ ਮਤਾ ਪਾਸ ਕਰ ਦਿੱਤਾ। ਪਰ ਸਮਾਗਮ ਤੋਂ ਇਕ ਦਿਨ ਪਹਿਲੋਂ ਹੀ ਮਹਾਤਮਾ ਗਾਂਧੀ, ਮੋਤੀ ਲਾਲ ਨਹਿਰੂ ਅਤੇ ਡਾਕਟਰ ਅਨਸਾਰੀ ਮਾਸਟਰ ਤਾਰਾ ਸਿੰਘ ਨੂੰ ਆ ਮਿਲੇ ਤੇ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਕਾਂਗਰਸ ਦੇ ਖੁਲ੍ਹੇ ਸਮਾਗਮ ਵਿਚ ਇਕ ਮਤਾ ਪਾਸ ਕੀਤਾ ਜਾਵੇਗਾ, ਜਿਸ ਰਾਹੀਂ ਘੱਟ ਗਿਣਤੀਆਂ, ਵਿਸ਼ੇਸ਼ ਕਰਕੇ ਸਿੱਖਾਂ ਤੇ ਮੁਸਲਮਾਨਾਂ ਨੂੰ ਵਿਸ਼ਵਾਸ ਦਿਵਾਇਆ ਜਾਵੇਗਾ ਕਿ ਸੁਤੰਤਰ ਭਾਰਤ ਵਿਚ ਕੋਈ ਅਜਿਹਾ ਵਿਧਾਨ ਲਾਗੂ ਨਹੀਂ ਹੋਵੇਗਾ ਜਿਸ ਨਾਲ ਘੱਟ ਗਿਣਤੀ ਦੇ ਲੋਕਾਂ, ਵਿਸ਼ੇਸ਼ ਕਰਕੇ ਸਿੱਖਾਂ ਤੇ ਮੁਸਲਮਾਨਾਂ ਦੀ ਪੂਰੀ ਤਸੱਲੀ ਨਾ ਹੋਵੇ। ਕਾਂਗਰਸੀ ਨੇਤਾਵਾਂ ਵਲੋਂ ਖੁਲ੍ਹੇ ਤੌਰ ਤੇ ਦਿਤੇ ਗਏ ਇਸ ਭਰੋਸੇ ਨੂੰ ਮਾਸਟਰ ਤਾਰਾ ਸਿੰਘ ਸਦਾਹੀ ਸੁਤੰਤਰ ਭਾਰਤ ਵਿਚ ਸਿੱਖਾਂ ਦੀ ਹਸਤੀ ਅਤੇ ਸਵੈ-ਮਾਣ ਦੀ ਰਾਖੀ ਲਈ ਵੱਡੀ ਜ਼ਾਮਨੀ ਮੰਨਦੇ ਰਹੇ ਹਨ*। ਇਨ੍ਹਾਂ ਘਟਨਾਵਾਂ ਤੋਂ ਪਿਛੋਂ ਵੀ ਮਾ: ਤਾਰਾ ਸਿੰਘ ਨੇ ਆਪਣੇ ਨਿਸਚੇ ਅਨੁਕੂਲ ਦੇਸ਼ ਦੇ ਸੁਤੰਤਰਤਾ-ਘੋਲ ਵਿਚ ਕਾਂਗਰਸ ਨੂੰ ਪੂਰਨ ਸਹਿਯੋਗ ਦੇਣਾ ਜਾਰੀ ਰਖਿਆ। ੧੯੨੯ ਈਸਵੀ ਦੀ

---

*ਇਹ ਮਤਾ ਇਸ ਪਰਕਾਰ ਹੈ :—

"As the Sikhs in particular and Muslims in general had expressed dis-satisfaction with the Nehru Report, this Congress assures the Sikhs, the Muslims & other minorities that no solution there of in any Constitution will be acceptable to the Congress that does not give full satisfaction to the parties concerned.

ਸਿਵਲ-ਨਾਫ਼ੁਰਮਾਨੀ ਦੀ ਲਹਿਰ ਵਿਚ ਉਹ ਆਪਣੇ ਕਈ ਹਜ਼ਾਰ ਸਾਥੀਆਂ ਸਮੇਤ ਜੇਲ੍ਹ ਵਿਚ ਗਏ। 1930 ਵਿਚ ਮਾਸਟਰ ਜੀ ਦੇ ਉਤਸ਼ਾਹ ਨਾਲ ਹੀ ਅਕਾਲੀ ਦਲ ਦੇ ਜੱਥੇਦਾਰਾਂ ਨੇ ਦਿੱਲੀ ਚਾਂਦਨੀ ਚੋਕ ਵਿਖੇ ਕਾਂਗਰਸ ਦਾ ਸਰਕਾਰ ਵਲੋਂ ਵਿਵਰਜਿਤ ਸਮਾਗਮ ਕਰ ਵਿਖਾਇਆ। ਸਿਵਲ ਨਾਫ਼ੁਰਮਾਨੀ ਲਹਿਰ ਸਮੇਂ ਹੀ ਪਿਸ਼ਾਵਰ ਵਿਖੇ ਅੰਗਰੇਜ਼ਾਂ ਵਲੋਂ ਨਿਹੱਥੇ ਸ਼ਹਿਰੀਆਂ ਉੱਪਰ ਢਾਹੇ ਗਏ ਜ਼ੁਲਮਾਂ ਵਿਰੁੱਧ ਮਾਸਟਰ ਤਾਰਾ ਸਿੰਘ ਨੇ ਜਿਸ ਜੋਸ਼, ਨਿਰਭੈਤਾ ਤੇ ਆਦਰਸ਼ਮਈ ਢੰਗ ਨਾਲ ਰੋਸ ਪਰਗਟ ਕੀਤਾ ਉਹ ਪੰਜਾਬ ਦੇ ਸੁਤੰਤਰਤਾ-ਸੰਗਰਾਮ ਦੇ ਇਤਿਹਾਸ ਦੀ ਇਕ ਰੋਚਕ ਗਾਥਾ ਬਣ ਚੁਕੀ ਹੈ। ਬੰਬਈ ਵਿਚ ਵੀ ਜਦੋਂ ਰਾਸ਼ਟਰੀ ਝੰਡੇ ਨੂੰ ਸਲਾਮੀ ਦੇਣ ਲਈ ਸਭਾ ਬੁਲਾਈ ਗਈ ਤਾਂ ਸਰਕਾਰ ਨੇ ਇਸ ਸਭਾ ਉੱਪਰ ਰੋਕ ਲਾ ਦਿਤੀ। ਇਸ ਤੇ ਮੋਤੀ ਲਾਲ ਨਹਿਰੂ ਨੇ ਮਾਸਟਰ ਤਾਰਾ ਸਿੰਘ ਵਲੋਂ ਸੰਦੇਸ਼ ਪ੍ਰਾਪਤ ਕਰ ਕੇ ਬੰਬਈ ਦੇ ਅਕਾਲੀਆਂ ਦਾ ਸਹਿਯੋਗ ਪ੍ਰਾਪਤ ਕੀਤਾ। ਬੰਬਈ ਦੇ ਦੋ ਸੌ ਸਿੱਖ ਵਰ੍ਦੀਆਂ ਡਾਂਗਾਂ ਵਿਚ ਵੀ ਆਪਣੇ ਨੇਤਾ ਦੀ ਆਗਿਆ ਦੀ ਪਾਲਣਾ ਕਰਦੇ ਹੋਏ ਸ਼ਾਨਦਾਰ ਸਿੱਖੀ ਰਵਾਇਤਾਂ ਨੂੰ ਉਜਾਗਰ ਕਰ ਆਏ। ਇਸੇ ਤਰ੍ਹਾਂ ਨਾਗਪੁਰ ਵਿਚ ਰਾਸ਼ਟਰੀ ਝੰਡਾ ਝੁਲਾਉਣ ਲਈ ਸੇਠ ਜਮਨਾ ਦਾਸ ਬਜਾਜ ਨੇ ਜਾਣਾ ਸੀ। ਉਥੇ ਵੀ ਲੋਕਾਂ ਦੇ ਮਨਾਂ ਵਿਚੋਂ ਸਰਕਾਰ ਦਾ ਭੈ ਕੱਢਣ ਲਈ ਮਾਸਟਰ ਜੀ ਵੱਲੋਂ ਪੰਜ ਅਕਾਲੀ ਸਿੰਘ ਪੁਜੇ ਤਾਂ ਹੀ ਕਾਂਗਰਸ ਦਾ ਜਲਸਾ ਹੋ ਸਕਿਆ।*

ਕਾਂਗਰਸ ਨਾਲ ਮਿਲਵਰਤਣ ਦੀ ਨੀਤੀ ਅਪਣਾ ਕੇ ਵੀ ਮਾਸਟਰ ਤਾਰਾ ਸਿੰਘ ਨੂੰ ਨਿਰਾਸ਼ ਹੋਣਾ ਪਿਆ। ਇਕ ਪਾਸੇ ਮਾਸਟਰ ਤਾਰਾ ਸਿੰਘ ਤਾਂ ਰਾਸ਼ਟਰੀ ਅਤੇ ਸਿੱਖ ਕੌਮੀ ਹਿੱਤਾਂ ਵਿਚਕਾਰ ਸਮਤੋਲ ਰੱਖਣ ਦੀ ਨੀਤੀ ਉਪਰ ਚਲ ਰਿਹਾ ਸੀ ਪਰ ਦੂਜੇ ਪਾਸੇ

*Author's interview with Master Tara Singh.

ਕਾਂਗਰਸ, ਮੁਸਲਮਾਨਾਂ ਦੀ ਵਧ ਰਹੀ ਫ਼ਿਰਕਾ-ਪ੍ਰਸਤੀ ਦੇ ਸਾਹਮਣੇ ਸਿੱਖ ਹੱਕਾਂ ਸਬੰਧੀ ਬੇਰੁਖ਼ੀ ਦਰਸਾ ਰਹੀ ਸੀ। 1932 ਈਸਵੀ ਵਿਚ ਬਰਤਾਨਵੀ ਪਰਧਾਨ ਮੰਤਰੀ ਦੇ ਕਮਿਊਨਲ ਐਵਾਰਡ (ਫ਼ਿਰਕੂ ਫ਼ੈਸਲੇ) ਨੇ ਸਿੱਖ ਰਾਜਨੀਤੀ ਲਈ ਗੰਭੀਰ ਸੰਕਟ ਪੈਦਾ ਕਰ ਦਿੱਤਾ। ਇਸ ਫ਼ੈਸਲੇ ਅਨੁਸਾਰ ਵਾਸਤਵ ਵਿਚ ਸਿੱਖਾਂ ਨੂੰ ਸਦਾ ਲਈ ਮੁਸਲਮਾਨ ਬਹੁ-ਗਿਣਤੀ ਦੀ ਪ੍ਰਭੁਤਾ ਅਧੀਨ ਸੁੱਟ ਦਿੱਤਾ ਗਿਆ। ਸ਼ਾਇਦ ਇਹ ਫ਼ੈਸਲਾ ਦੇ ਕੇ ਅੰਗਰੇਜ਼ੀ ਸਰਕਾਰ ਨੇ ਸਿੱਖਾਂ ਪਾਸੋਂ ਉਨ੍ਹਾਂ ਤੋਂ ਸੁਤੰਤਰਤਾ ਲਹਿਰ ਵਿਚ ਹਿੱਸਾ ਲੈਣ ਕਾਰਨ, ਬਦਲਾ ਲੈਣ ਦਾ ਯਤਨ ਕੀਤਾ ਸੀ। ਕਾਂਗਰਸ ਨੇ ਇਸ ਐਵਾਰਡ ਸਬੰਧੀ ਚੁੱਪ ਰਹਿ ਕੇ ਹੀ ਪ੍ਰਵਾਨਗੀ ਦੇਣ ਵਾਲਾ ਵਤੀਰਾ ਅਪਣਾ ਲਿਆ। ਮਾਸਟਰ ਤਾਰਾ ਸਿੰਘ ਨੇ ਇਸ ਸੰਕਟ ਦਾ ਟਾਕਰਾ ਕਰਨ ਲਈ ਸਮੁੱਚੇ ਤੌਰ ਤੇ ਸਿੱਖ ਪਾਰਟੀਆਂ ਨੂੰ ਅਪੀਲ ਕੀਤੀ। ਪਹਿਲੇ ਪਹਿਲ ਤਾਂ ਰਈਸ ਸਿੱਖ ਸਰਦਾਰਾਂ ਨੇ ਵੀ ਸਭ ਸਿੱਖਾਂ ਨਾਲ ਰਲ ਕੇ ਇਸ ਐਵਾਰਡ ਦਾ ਵਿਰੋਧ ਕੀਤਾ, ਪਰ ਪਿੱਛੋਂ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਨੂੰ ਮੁਸਲਮਾਨਾਂ ਨਾਲ ਗੱਲ ਬਾਤ ਕਰਨ ਦੇ ਬਹਾਨੇ ਸ਼ਿਮਲੇ ਸੱਦਿਆ ਅਤੇ ਇਹ ਅਵਾਈ ਉਡਾ ਦਿੱਤੀ ਕਿ ਸਿੱਖ ਕਮਿਊਨਲ ਐਵਾਰਡ ਮੰਨ ਗਏ ਸਨ।* ਅੰਗਰੇਜ਼ ਦੀ ਸਿੱਖਾਂ ਨੂੰ ਰਾਜਨੀਤਕ ਤੌਰ ਤੇ ਕਮਜ਼ੋਰ ਕਰਨ ਦੀ ਇਹ ਚਾਲ ਸਫ਼ਲ ਰਹੀ ਅਤੇ ਸਿੱਖਾਂ ਵਿਚ ਧੜੇ-ਬੰਦੀ ਦੀ ਲੜਾਈ ਤਿੱਖੀ ਹੋ ਗਈ। ਇਸ ਧੜੇ-ਬੰਦੀ ਵਿਚ ਮਾਸਟਰ ਤਾਰਾ ਸਿੰਘ ਅਗਾਂਹ-ਵਧੂ ਤੇ ਰੌਸ਼ਨ-ਖ਼ਿਆਲ ਸਿੱਖਾਂ ਦੇ ਨੇਤਾ ਪਰਗਟ ਹੋਏ। ਉਨ੍ਹਾਂ ਨੇ ਸਿੱਖਾਂ ਦੀ ਲੀਡਰੀ ਰਈਸ ਸਰਦਾਰਾਂ ਕੋਲੋਂ ਹਥਿਆਈ ਸੀ ਅਤੇ ਉਹ ਸਰਦਾਰ ਬਹਾਦਰਾਂ ਦੀਆਂ ਸੁਆਰਥੀ ਨੀਤੀਆਂ ਨੂੰ ਕੌਮੀ ਹਿੱਤਾਂ ਦੇ ਵਿਰੁੱਧ ਸਮਝਦੇ ਸਨ। ਪਟਿਆਲੇ ਦੇ ਰਾਜੇ ਵਲੋਂ ਸਿੱਖਾਂ ਵਿਚ ਉਪਜੀ

*ਮਾਸਟਰ ਤਾਰਾ ਸਿੰਘ—ਮੇਰੀ ਯਾਦ, 106—7.

ਰਾਜਨੀਤਕ ਚੇਤਨਤਾ ਦੇ ਵਿਰੋਧ ਪ੍ਰਤੀ ਉਹ ਸਦਾ ਹੀ ਘਿਰਣਾ ਰੱਖਦੇ ਰਹੇ। ਇਸੇ ਲਈ ਪਟਿਆਲਾ ਰਾਜ ਵਿਚ ਪਰਜਾ ਮੰਡਲ ਦੀ ਲਹਿਰ ਨੂੰ ਸੰਗਠਤ ਕਰਨ ਵਿਚ ਮਾਸਟਰ ਤਾਰਾ ਸਿੰਘ ਨੇ ਆਪਣੇ ਮਿੱਤਰ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦੀ ਉਚੇਚੀ ਤੇ ਨਿੱਗਰ ਸਹਾਇਤਾ ਕੀਤੀ। ਮਹਾਰਾਜਾ ਭੁਪਿੰਦਰ ਸਿੰਘ ਦੇ ਵਿਰੁੱਧ ਆਪਣੀ ਲੇਖਣੀ ਰਾਹੀਂ ਮਾਸਟਰ ਤਾਰਾ ਸਿੰਘ ਨੇ ਜੋ ਪਰਚਾਰ ਕੀਤਾ, ਉਸ ਦੇ ਸਿੱਟੇ ਵਜੋਂ ਮਹਾਰਾਜਾ ਪਟਿਆਲਾ ਵਿਰੁੱਧ ਸਟੇਟਸ ਪੀਪਲਜ਼ ਕਾਨਫ਼ਰੰਸ ਵਲੋਂ ਪੜਤਾਲ ਕੀਤੀ ਗਈ। ਰਾਜਿਆਂ ਦੇ ਆਪ-ਹੁਦਰੇ ਪਰਬੰਧ ਵਿਰੁੱਧ ਸਾਰੇ ਭਾਰਤ ਵਿਚ ਹੀ ਜਨਤਾ ਦੀ ਇਹ ਪਹਿਲੀ ਜਿੱਤ ਸੀ।*

## ਸਿੱਖ ਧੜੇ-ਬੰਦੀ ਤੇ ਤਾਰਾ ਸਿੰਘ–

ਮਾਸਟਰ ਤਾਰਾ ਸਿੰਘ ਦੇ ਅਣਥੱਕ ਸੰਘਰਸ਼ੀ ਸੁਭਾ ਅਤੇ ਰਾਜਸੀ ਚਾਲਾਂ ਵਿਚ ਉਸ ਦੇ ਅਜਿੱਤ ਰਹਿਣ ਦੀ ਭਾਵਨਾ ਤੋਂ ਤੰਗ ਆ ਕੇ, ਉਸ ਦੇ ਸਰਕਾਰੀ ਹੱਥ-ਠੋਕਾ ਵਿਰੋਧੀਆਂ ਨੇ ਉਸ ਨੂੰ ਰਾਜਸੀ ਜੀਵਨ ਵਿਚੋਂ ਕੱਢਣ ਲਈ ਵਿਉਂਤ ਘੜੀ। ਗੁਰਸੇਵਕ ਸਭਾ ਲਹਿਰ ਦੇ ਕੁਝ ਪ੍ਰਤਿਸ਼ਠ ਧਾਰਮਕ ਸਿੱਖਾਂ ਵੱਲੋਂ ਮੰਗ ਕੀਤੀ ਗਈ ਕਿ ਪੰਥ ਦੇ ਉੱਘੇ ਧੜਿਆਂ ਦੇ ਨੇਤਾ ਕੁਝ ਸਮੇਂ ਲਈ ਰਾਜਨੀਤੀ ਤੋਂ ਅਡਰੇ ਹੋ ਜਾਣ ਤਾਂ ਜੋ ਪੰਥਕ ਏਕਤਾ ਲਈ ਰਾਹ ਬਣਾਇਆ ਜਾ ਸਕੇ। ਮਾਸਟਰ ਤਾਰਾ ਸਿੰਘ ਆਦਰਸ਼ਵਾਦੀ ਵੀ ਸੀ ਅਤੇ ਕਈ ਵੇਰ ਆਪਣੇ ਆਦਰਸ਼ ਦਾ ਰਾਜਸੀ ਚਾਲਾਂ ਨਾਲ ਤਾਲ-ਮੇਲ ਕਰਦਿਆਂ ਉਹ ਟਪਲਾ ਵੀ ਖਾ ਜਾਂਦੇ ਸਨ। ਉਨ੍ਹਾਂ ਨੇ ਸਿੱਖੀ ਨਿਯਮ ਅਨੁਕੂਲ ਤਿਆਗ ਦਾ ਸਬੂਤ ਦੇਣ ਦਾ ਨਿਸਚਾ ਕੀਤਾ ਅਤੇ ਰਾਜਸੀ ਜੀਵਨ ਵਿਚੋਂ ਪਿਛਾਂਹ ਹੱਟ ਕੇ ਉਹ ਬਰਮਾ ਅਤੇ ਪਾਉਂਟਾ ਸਾਹਿਬ ਆਦਿ ਥਾਵਾਂ ਵੱਲ ਅਲੋਪ ਹੋ ਗਏ। ਪੰਥ ਦੇ ਦੂਜੇ ਧੜੇ ਦੇ ਨੇਤਾ ਗਿਆਨੀ

*ਮਹਿੰਦਰ ਸਿੰਘ—ਸਰਦਾਰਿ ਆਜ਼ਿਮ, 75, 77.

ਸ਼ੇਰ ਸਿੰਘ, ਜਿਨ੍ਹਾਂ ਨੂੰ ਸਿੱਖ ਰਈਸਾਂ ਅਤੇ ਰਾਜਿਆਂ ਦੀ ਸਹਾਇਤਾ ਪਰਾਪਤ ਸੀ, ਨੇ ਕੋਈ ਅਜਿਹੀ ਕਾਰਵਾਈ ਨਾ ਕੀਤੀ। ਮਾਸਟਰ ਜੀ ਦੇ ਪੰਜਾਬ ਵਿਚੋਂ ਚਲੇ ਜਾਣ ਪਿੱਛੋਂ ਪਟਿਆਲੇ ਰਾਜ ਵਿਚ ਅਕਾਲੀਆਂ ਵਿਰੁੱਧ ਦਬਾਊ ਕਾਰਵਾਈਆਂ ਤੇਜ਼ ਕਰ ਦਿੱਤੀਆਂ ਗਈਆਂ ਅਤੇ ਇਸ ਜਬਰ ਦੇ ਫਲ ਸਰੂਪ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਜੇਲ੍ਹ ਵਿਚ ਹੀ ਸ਼ਹੀਦ ਕਰ ਦਿੱਤੇ ਗਏ। ਜਦੋਂ ਮਾਸਟਰ ਤਾਰਾ ਸਿੰਘ ਨੂੰ ਆਪਣੇ ਇਕ ਪਰਮ ਮਿੱਤਰ ਦੇ ਅਕਾਲ ਚਲਾਣੇ ਦੀ ਸੂਚਨਾ ਅਖ਼ਬਾਰਾਂ ਰਾਹੀਂ ਮਿਲੀ ਤਾਂ ਉਹ ਸਰਕਾਰ ਅਤੇ ਰਜਵਾੜਿਆਂ ਦੀ ਚਾਲ ਨੂੰ ਸਮਝ ਗਏ ਅਤੇ ਫੇਰ ਪੰਜਾਬ ਦੇ ਰਾਜਸੀ ਮੈਦਾਨ ਵਿਚ ਆ ਨਿੱਤਰੇ। ਇਸ ਸਮੇਂ ਸ਼ਹੀਦ ਗੰਜ* ਮੋਰਚੇ ਵਿਚ ਸਿੱਖਾਂ ਦੀ ਸੁਯੋਗ ਅਗਵਾਈ ਕਰਨ ਤੋਂ ਛੁੱਟ ਉਨ੍ਹਾਂ ਨੇ ਮਹਾਰਾਜਾ ਪਟਿਆਲਾ ਵਿਰੁੱਧ ਇਤਨਾ ਜੋਸ਼ੀਲਾ ਪਰਚਾਰ ਕੀਤਾ ਕਿ ਉਸ ਨੂੰ ਸਾਰੇ ਅਕਾਲੀ ਕੈਦੀ ਰਿਹਾ ਕਰਨ ਲਈ ਮਜਬੂਰ ਹੋਣਾ ਪਿਆ।

## ਵਿਸ਼ਵ ਯੁੱਧ—

ਦੂਜੇ ਪਾਸੇ ਵਿਸ਼ਵ ਦੇ ਤੁਰਤ ਬਦਲਦੇ ਹਾਲਾਤ ਨੇ ਮਾਸਟਰ ਤਾਰਾ ਸਿੰਘ ਨੂੰ ਇਹ ਸਪੱਸ਼ਟ ਕਰ ਦਿੱਤਾ ਕਿ ਭਾਰਤ ਦੀ ਸੁਤੰਤਰਤਾ ਹੁਣ ਦੂਰ ਨਹੀਂ ਸੀ ਅਤੇ ਭਾਰਤੀ ਰਾਜਨੀਤੀ ਵਿਚ ਅਧੋਗਤੀ ਕੇਵਲ ਰਾਜਸੀ ਸ਼ਕਤੀ ਦੀ ਵੰਡ ਤੇ ਸੰਭਾਲ ਕਰਕੇ ਹੀ ਸੀ। ਅਜਿਹੇ ਹਾਲਾਤ ਵਿਚ ਮਾਸਟਰ ਤਾਰਾ ਸਿੰਘ ਨੇ ਸਿੱਖ ਹਿੱਤਾਂ ਦੀ ਸੁਰੱਖਿਆ ਲਈ

---

*ਸ਼ਹੀਦ ਗੰਜ ਲਾਹੌਰ ਉਨ੍ਹਾਂ ਸਿੱਖ ਸ਼ਹੀਦਾਂ ਦੀ ਯਾਦਗਾਰ ਹੈ ਜਿਨ੍ਹਾਂ ਨੂੰ ਅਠਾਰ੍ਹਵੀਂ ਸ਼ਤਾਬਦੀ ਵਿਚ ਲਾਹੌਰ ਦੇ ਮੁਸਲਮਾਨ ਨਾਜ਼ਮਾਂ ਵਲੋਂ ਨਿਰਦਇਤਾ ਨਾਲ ਕਤਲ ਕੀਤਾ ਜਾਂਦਾ ਰਿਹਾ। ਗੁਰਦੁਆਰਾ ਐਕਟ ਬਣਨ ਨਾਲ ਇਸ ਗੁਰਦੁਆਰੇ ਦਾ ਪਰਬੰਧ ਸ਼੍ਰੋਮਣੀ ਕਮੇਟੀ ਨੂੰ ਮਿਲਿਆ, ਪਰ ਮੁਸਲਮਾਨਾਂ ਨੇ ਇਸ ਗੁਰਦੁਆਰੇ ਨੂੰ ਇਤਿਹਾਸਕ ਮਸਜਦ ਸਿੱਧ ਕਰਨ ਦਾ ਜਤਨ ਕਰ ਕੇ ਫ਼ਿਰਕੂ ਝਗੜਾ ਖੜਾ ਕਰ ਦਿੱਤਾ।

ਨਿਵੇਕਲੀ ਤੇ ਅਦੁੱਤੀ ਨੀਤੀ ਅਪਣਾਉਣ ਦਾ ਨਿਸਚਾ ਕਰ ਲਿਆ। ਹਾਲਾਤ ਦੀ ਰੌਅ ਤੋਂ ਉਸ ਨੂੰ ਇਹ ਭਲੀ ਭਾਂਤ ਪਤਾ ਲਗ ਗਿਆ ਸੀ ਕਿ ਵਰਤਮਾਨ ਲੋਕ-ਰਾਜੀ ਯੁਗ ਵਿਚ ਸਿੱਖਾਂ ਵਰਗੀ ਘੱਟ-ਗਿਣਤੀ ਨੂੰ ਆਪਣੀ ਸਲਾਮਤੀ ਲਈ, ਰਾਸ਼ਟਰੀ ਜੀਵਨ ਵਿਚ ਵਿਸ਼ੇਸ਼ ਅਸਥਾਨ ਬਣਾਉਣ ਦੀ ਲੋੜ ਸੀ। ਇਹ ਅਸਥਾਨ ਸਿੱਖਾਂ ਦੀ ਬੀਰਤਾ ਦੀ ਪਰੰਪਰਾ ਨੂੰ ਉਜਾਗਰ ਕੀਤਿਆਂ ਹੀ ਬਣਾਇਆ ਜਾ ਸਕਦਾ ਸੀ। ਜਦੋਂ ਦੂਜਾ ਵਿਸ਼ਵ ਯੁੱਧ ਛਿੜਿਆ ਤਾਂ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਨੂੰ ਚੋਖੀ ਸੰਖਿਆ ਵਿਚ ਫ਼ੌਜ ਵਿਚ ਭਰਤੀ ਹੋਣ ਦਾ ਆਦੇਸ਼ ਦਿੱਤਾ। ਇਹ ਨੀਤੀ ਅੰਗਰੇਜ਼ੀ ਸਰਕਾਰ ਨਾਲ ਸਹਿਯੋਗ ਦੀ ਸੀ। ਪਰ ਇਹ ਨੀਤੀ ਅਪਣਾ ਕੇ ਮਾਸਟਰ ਤਾਰਾ ਸਿੰਘ ਨੇ ਭਾਰਤ ਨੂੰ ਛੇਤੀ ਸੁਤੰਤਰ ਕਰਨ ਦੀ ਮੰਗ ਤੋਂ ਪਾਸਾ ਨਹੀਂ ਮੋੜਿਆ; ਸਗੋਂ ਜੰਗ ਦੇ ਦੌਰਾਨ ਹੀ ਅਕਾਲੀ ਦਲ ਨੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਮੰਗ ਕੀਤੀ ਕਿ ਸਰਕਾਰ ਭਾਰਤ ਦੀ ਸੁਤੰਤਰਤਾ ਬਾਰੇ ਆਪਣੇ ਪ੍ਰੋਗਰਾਮਾਂ ਦੀ ਵਿਆਖਿਆ ਕਰੇ। ਮਾਸਟਰ ਜੀ ਦੀ ਇਸ ਨਵੀਂ ਨੀਤੀ ਨੂੰ ਨੇੜਿਓਂ ਹੋ ਕੇ ਪਰਖਣ ਦੀ ਥਾਂ ਕਾਂਗਰਸੀ ਨੇਤਾ ਸ਼ੰਕਿਆਂ ਤੇ ਭਰਮਾਂ ਵਿਚ ਉਲਝ ਗਏ ਅਤੇ ਉਨ੍ਹਾਂ ਨੇ ਸਿਖ ਨੇਤਾ ਦੀਆਂ ਔਕੜਾਂ ਤੇ ਮਜਬੂਰੀਆਂ ਨੂੰ ਸਮਝਣ ਦਾ ਜਤਨ ਹੀ ਨਾ ਕੀਤਾ। ਸਿਟੇ ਵਜੋਂ ਮਹਾਤਮਾ ਗਾਂਧੀ ਨੇ ਤਾੜਵੀਂ ਦ੍ਰਿਸ਼ਟੀ ਨਾਲ ਮਾਸਟਰ ਤਾਰਾ ਸਿੰਘ ਵੱਲ ਇਕ ਪੱਤਰ ਲਿਖਿਆ ਜਿਸ ਵਿਚ ਉਨ੍ਹਾਂ ਨੇ ਟਕੋਰ ਲਾਈ ਕਿ 'ਮਾਸਟਰ ਤਾਰਾ ਸਿੰਘ ਦਾ ਹੁਣ ਕਾਂਗਰਸ ਨਾਲ ਕੋਈ ਸਬੰਧ ਨਹੀਂ ਰਹਿ ਗਿਆ।' ਇਸ ਤੇ ਮਾਸਟਰ ਤਾਰਾ ਸਿੰਘ ਕਾਂਗਰਸ ਨਾਲੋਂ ਅਡਰੇ ਹੋ ਗਏ*, ਪਰ ਉਨ੍ਹਾਂ ਨੇ ਆਪਣੇ ਸਾਥੀਆਂ ਨੂੰ (ਜਿਨ੍ਹਾਂ ਵਿਚ ਗੁਰਮੁਖ ਸਿੰਘ ਮੁਸਾਫ਼ਰ, ਊਧਮ ਸਿੰਘ ਨਾਗੋਕੇ ਅਤੇ ਪ੍ਰਤਾਪ ਸਿੰਘ ਕੈਰੋਂ ਸ਼ਾਮਲ ਸਨ) ਕਾਂਗਰਸ ਪਾਰਟੀ ਵਿਚ ਹੀ ਰਹਿਣ

*Author's Interview with Master Tara Singh.

ਦੀ ਆਗਿਆ ਕੀਤੀ। ਸ਼ਾਇਦ ਇਹ ਰਾਜਸੀ ਚਾਲ ਮਾਸਟਰ ਜੀ ਦੀ ਰਾਸ਼ਟਰੀ ਤੇ ਕੌਮੀ ਹਿੱਤਾਂ ਵਿਚਕਾਰ ਸਮਤੋਲ ਰੱਖਣ ਦੀ ਨੀਤੀ ਦਾ ਹੀ ਭਾਗ ਸੀ।

## ਪਾਕਿਸਤਾਨ—

1940 ਈਸਵੀ ਵਿਚ ਮੁਸਲਿਮ-ਲੀਗ ਵੱਲੋਂ ਪਾਕਿਸਤਾਨ ਦੀ ਮੰਗ ਪੇਸ਼ ਕੀਤੇ ਜਾਣ ਨਾਲ ਭਾਰਤ ਦੀ ਫ਼ਿਰਕੂ ਸਮੱਸਿਆ ਹੋਰ ਵੀ ਗੁੰਝਲਦਾਰ ਬਣ ਗਈ। ਪਾਕਿਸਤਾਨ ਦੀ ਮੰਗ ਨੇ ਮਾ: ਤਾਰਾ ਸਿੰਘ ਨੂੰ ਬੜਾ ਪ੍ਰੇਸ਼ਾਨ ਕੀਤਾ । ਵਰਤਮਾਨ ਸਿੱਖ ਰਾਜਨੀਤੀ ਲਈ ਇਹ ਇਕ ਵੰਗਾਰ ਸੀ ਅਤੇ ਸਿੱਖਾਂ ਦੇ ਕੌਮੀ ਬਚਾਉ ਲਈ ਸੰਘਰਸ਼ ਦਾ ਅਰੰਭ ਸੀ। ਚੇਤੰਨ ਨੀਤੀਵਾਨ ਹੋਣ ਦੇ ਨਾਤੇ ਮਾਸਟਰ ਤਾਰਾ ਸਿੰਘ ਨੇ ਠੀਕ ਅਨੁਮਾਨ ਲਾ ਲਿਆ ਕਿ ਪਾਕਿਸਤਾਨ ਬਣਨ ਨਾਲ ਸਿੱਖ ਸਦਾ ਲਈ ਮੁਸਲਿਮ ਬਹੁ-ਗਿਣਤੀ ਦੇ ਗ਼ੁਲਾਮ ਬਣ ਕੇ ਰਹਿ ਜਾਣਗੇ। ਉਸ ਨੇ ਪੂਰਾ ਤਾਣ ਲਾ ਕੇ ਪਾਕਿਸਤਾਨ ਦੀ ਮੰਗ ਦਾ ਵਿਰੋਧ ਕੀਤਾ ਅਤੇ ਅਗਲੇ ਹੀ ਸਾਲ (1941 ਈਸਵੀ ਵਿਚ) ਕਰਾਚੀ ਵਿਖੇ ਇਕ ਭਾਰੀ ਅਕਾਲੀ ਕਾਨਫ਼ਰੰਸ ਬੁਲਾ ਕੇ ਸਿੱਖਾਂ ਦੇ ਭਾਵਾਂ ਦਾ ਪ੍ਰਗਟਾ ਕੀਤਾ । 1942 ਵਿਚ ਜਦ ਸਰ ਸਟੈਫ਼ਰਡ ਕ੍ਰਿਪਸ ਭਾਰਤ ਦੀ ਸੁਤੰਤਰਤਾ ਸਬੰਧੀ ਆਪਣੇ ਪ੍ਰਸਤਾਵ ਲੈ ਕੇ ਭਾਰਤ ਆਇਆ ਅਤੇ ਉਸ ਨੇ ਅੰਗਰੇਜ਼ੀ ਸੁਭਾ ਦੇ ਅਨੁਕੂਲ ਆਪਣੀ ਛਲ ਭਰਪੂਰ, ਸੂਬਾਈ ਖ਼ੁਦਮੁਖ਼ਤਾਰੀ ਦੀ ਸਕੀਮ ਪੇਸ਼ ਕੀਤੀ ਤਾਂ ਮਾਸਟਰ ਤਾਰਾ ਸਿੰਘ ਨੇ ਤਿੰਨ ਹੋਰ ਸਿੱਖ ਆਗੂਆਂ ਸਮੇਤ ਕ੍ਰਿਪਸ ਨਾਲ ਮੁਲਾਕਾਤ ਕਰ ਕੇ ਉਸ ਨੂੰ ਸਪੱਸ਼ਟ ਸ਼ਬਦਾਂ ਵਿਚ ਦੱਸ ਦਿੱਤਾ ਕਿ ਉਸ ਦੀ ਨਵੀਂ ਵਿਉਂਤ ਅਮਲੀ ਤੌਰ ਤੇ ਪਾਕਿਸਤਾਨ ਦੀ ਮੰਗ ਸਵੀਕਾਰ ਕਰਨ ਦੇ ਤੁੱਲ ਸੀ ਅਤੇ ਇਸ ਵਿਚ ਸਿੱਖਾਂ ਦੀ ਸੁਰੱਖਿਆ ਪ੍ਰਤੀ ਕੋਈ ਵਰਨਣ ਨਹੀਂ ਸੀ। ਇਸ ਲਈ ਸਿੱਖਾਂ ਵਲੋਂ ਇਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਸੀ।

## ਮਾ: ਤਾਰਾ ਸਿੰਘ ਤੇ ਸਰ ਸਿਕੰਦਰ—

ਇਹ ਸਮਾਂ ਬੜੀ ਤੇਜ਼ ਰਾਜਨੀਤਕ ਹਲ-ਚਲ ਦਾ ਸੀ ਅਤੇ ਇਸ ਵਿਚ ਮਾਸਟਰ ਤਾਰਾ ਸਿੰਘ ਨੂੰ ਸਿੱਖ-ਹਿੱਤਾਂ ਦੀ ਸੁਰੱਖਿਆ ਲਈ ਵਖ ਵਖ ਨੀਤੀਆਂ ਅਪਣਾਉਣੀਆਂ ਪਈਆਂ। ਉਦੋਂ ਸਰ ਸਿਕੰਦਰ ਹਯਾਤ ਖ਼ਾਨ ਪੰਜਾਬ ਦਾ ਮੁਖ ਮੰਤਰੀ ਸੀ। ਜ਼ਿਮੀਦਾਰ ਅਤੇ ਰਈਸਾਂ ਦੀ ਯੂਨੀਅਨਿਸਟ ਪਾਰਟੀ ਦਾ ਉਹ ਆਗੂ ਸੀ। ਉਸ ਦੀ ਸਰਕਾਰ ਭਾਵੇਂ ਸਾਂਝੀਵਾਲਤਾ ਦੀ ਸਾਖੀ ਤਾਂ ਭਰਦੀ ਸੀ ਪਰ ਅਮਲੀ ਤੌਰ ਤੇ ਸਰ ਸਿਕੰਦਰ ਪੰਜਾਬ ਵਿਚ ਮੁਸਲਮਾਨਾਂ ਦੀ ਸਥਾਈ ਪ੍ਰਭੁਤਾ ਸਥਾਪਤ ਕਰੀ ਜਾ ਰਿਹਾ ਸੀ*। ਮਾਸਟਰ ਤਾਰਾ ਸਿੰਘ ਸਿੱਖਾਂ ਲਈ ਇਸ ਮਹਾਨ ਖ਼ਤਰੇ ਸਬੰਧੀ ਚੇਤੰਨ ਹੋ ਗਏ। ਉਨ੍ਹਾਂ ਨੇ ਅਖ਼ਬਾਰਾਂ ਅਤੇ ਪਰਚਾਰ ਰਾਹੀਂ ਸਰ ਸਿਕੰਦਰ ਦੀ ਇਸ ਨੀਤੀ ਦਾ ਭੇਤ ਖੋਲ੍ਹ ਦਿੱਤਾ। ਮਾਸਟਰ ਤਾਰਾ ਸਿੰਘ ਦੀਆਂ ਇਨ੍ਹਾਂ ਕਾਰਵਾਈਆਂ ਨੇ ਸਰ ਸਿਕੰਦਰ ਨੂੰ ਚਿੜ੍ਹਾ ਦਿੱਤਾ। ਸਿੱਟੇ ਵਜੋਂ ਸਰ ਸਿਕੰਦਰ ਨੇ ਮਾਸਟਰ ਤਾਰਾ ਸਿੰਘ ਅਤੇ ਦੇਸ਼-ਭਗਤ ਸਿੱਖਾਂ ਦੀ ਜਮਾਤ ਅਕਾਲੀ ਦਲ ਨੂੰ ਕੁਚਲ ਦੇਣ ਦਾ ਬੀੜਾ ਚੁਕ ਲਿਆ। ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਅਕਾਲੀਆਂ ਤੇ ਕਈ ਝੂਠੇ ਮੁਕੱਦਮੇ ਬਣਾ ਕੇ ਉਨ੍ਹਾਂ ਨੂੰ ਧਮਕਾਉਣ ਦੇ ਯਤਨ ਕੀਤੇ ਗਏ। ਪਰ ਮਾਸਟਰ ਤਾਰਾ ਸਿੰਘ ਪੂਰਾ ਸਿਰੜੀ ਸੀ। ਸਰਕਾਰੀ ਵਧੀਕੀਆਂ ਦਾ ਉਸ ਤੇ ਕੋਈ ਅਸਰ ਨਹੀਂ ਪੈ ਸਕਦਾ ਸੀ। ਸਗੋਂ ਸਰ ਸਿਕੰਦਰ ਦੀ ਇਸ ਨੀਤੀ ਦੇ ਪਰਤਾਵੇਂ ਅਸਰ ਵਜੋਂ ਮਾਸਟਰ ਤਾਰਾ ਸਿੰਘ ਸਮੁੱਚੀ ਸਿੱਖ ਕੌਮ ਦਾ ਲਡਿੱਕਾ ਆਗੂ ਬਣ ਗਿਆ ਅਤੇ ਸਰ ਸਿਕੰਦਰ ਦੇ ਹਮਾਇਤੀ ਰਈਸ ਸਿੱਖਾਂ ਨੂੰ ਸੁਆਰਥੀ ਸਮਝਿਆ ਜਾਣ ਲੱਗਾ। ਸਿੱਟੇ ਵਜੋਂ ਬਟਾਲੇ ਦੀ ਜ਼ਿਮਨੀ ਚੋਣ ਵਿਚ ਸਰ ਸਿਕੰਦਰ ਦੇ ਹਮਾਇਤੀ ਰਈਸ ਮਜੀਠਾ ਉਮੀਦਵਾਰ ਨੂੰ ਕਰੜੀ ਹਾਰ ਦੇ ਕੇ ਮਾਸਟਰ ਤਾਰਾ ਸਿੰਘ ਨੇ

*Harbans Singh—The Heritage of the Sikhs, 175.

ਵਿਧਾਨਕ ਤੌਰ ਤੇ ਵੀ ਇਹ ਸਿੱਧ ਕਰ ਦਿੱਤਾ ਕਿ ਸਿੱਖ ਕੌਮ ਸਰ ਸਿਕੰਦਰ ਦੀ ਪੰਜਾਬ ਵਿਚ ਮੁਸਲਿਮ ਪ੍ਰਭੁਤਾ ਸਥਾਪਤ ਕਰਨ ਦੀ ਨੀਤੀ ਦੇ ਵਿਰੁੱਧ ਸੀ। ਸਰ ਸਿਕੰਦਰ ਨੂੰ ਪੂਰਨ ਤੌਰ ਤੇ ਹੁਣ ਇਹ ਪਤਾ ਲੱਗ ਗਿਆ ਕਿ ਮਾਸਟਰ ਤਾਰਾ ਸਿੰਘ, ਪੰਜਾਬੀ ਰਾਜਨੀਤੀ ਵਿਚ ਉਹ ਪ੍ਰਭਾਵਿਕ ਸ਼ਕਤੀ ਸੀ ਜਿਸ ਨੂੰ ਝੁਠਲਾਇਆ ਨਹੀਂ ਜਾ ਸਕਦਾ ਸੀ। ਪਾਕਿਸਤਾਨ ਦੀ ਮੰਗ ਪੇਸ਼ ਕਰਨ ਵਾਲੇ ਨੀਤੀਵਾਨਾਂ ਅਤੇ ਉਨ੍ਹਾਂ ਨੂੰ ਸ਼ਹਿ ਦੇਣ ਵਾਲੇ ਅੰਗਰੇਜ਼ ਕਰਮਚਾਰੀਆਂ ਨੂੰ ਵੀ ਇਹ ਸਪੱਸ਼ਟ ਹੋ ਗਿਆ ਕਿ ਸਿੱਖਾਂ ਦੀ ਸੁਰੱਖਿਅਤਾ ਦੀ ਭਾਵਨਾ ਉਨ੍ਹਾਂ ਦੇ ਰਾਹ ਵਿਚ ਵੱਡੀ ਰੋਕ ਸੀ। ਇਸ ਲਈ ਮੁਸਲਮਾਨ-ਸਿੱਖ ਸਮਝੌਤੇ ਤੇ ਜ਼ੋਰ ਦਿੱਤਾ ਜਾਣ ਲੱਗਾ। ਵਿਸ਼ਵ-ਯੁੱਧ ਦੇ ਛਿੜ ਜਾਣ ਕਾਰਨ ਵੀ ਅੰਗਰੇਜ਼, ਸਿੱਖਾਂ ਵਿਚਕਾਰ ਆਪਣੀ ਚੰਗੀ ਸਾਖ ਨੂੰ ਪੁਨਰ-ਸੁਰਜੀਤ ਕਰਨਾ ਚਾਹੁੰਦੇ ਸਨ।* ਮਾਸਟਰ ਤਾਰਾ ਸਿੰਘ ਵੀ ਆਪਣੀ ਸੁਲਝੀ ਨੀਤੀ ਅਨੁਸਾਰ ਇਨ੍ਹਾਂ ਸਭ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਸਮਝੌਤੇ ਰਾਹੀਂ ਉਹ ਸ਼ਾਂਤੀ ਦੇ ਸਮੇਂ ਵਿਚ ਸਿੱਖਾਂ ਦੀ ਰਾਜਨੀਤਕ ਸ਼ਕਤੀ ਨੂੰ ਪੁਨਰ-ਸੰਗਠਤ ਕਰ ਕੇ ਹੋਰ ਵੀ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦਾ ਸੀ। ਮਾਸਟਰ ਤਾਰਾ ਸਿੰਘ ਦਾ ਇਹ ਵੀ ਵਿਚਾਰ ਸੀ ਕਿ ਸਰ ਸਿਕੰਦਰ ਦੀ ਸਰਕਾਰ ਨਾਲ ਸਮਝੌਤਾ ਕਰ ਕੇ ਕਾਂਗਰਸ ਨੂੰ ਸਿੱਖਾਂ ਦੇ ਰਾਜਨੀਤਕ ਮਹੱਤਵ ਸਬੰਧੀ ਸੁਚੇਤ ਕੀਤਾ ਜਾਏ, ਨਾਲ ਹੀ ਜੰਗ ਦੇ ਸਮੇਂ ਅੰਗਰੇਜ਼ਾਂ ਦੀ ਸਹਾਇਤਾ ਦੀ ਸਾਖੀ ਭਰੀ ਜਾਏ ਅਤੇ ਇਸ ਤਰ੍ਹਾਂ ਭਾਰਤ ਦੀ ਨਵੀਂ ਰਾਜਨੀਤਕ ਬਣਤਰ ਵਿਚ ਸਿੱਖ ਹੱਕਾਂ ਦੀ ਸੁਰੱਖਿਆ ਲਈ ਅੰਗਰੇਜ਼ਾਂ ਵਲੋਂ ਹਮਦਰਦੀ ਪਰਾਪਤ ਕੀਤੀ ਜਾਵੇ। ਉਸ ਨੇ ਅੰਗਰੇਜ਼ਾਂ ਅਤੇ ਸਰ ਸਿਕੰਦਰ ਦੇ ਛੱਡੇ ਵਿਚੋਲੇ ਮੇਜਰ ਸ਼ਾਰਟ (Short) ਦੀ ਗੱਲ-ਬਾਤ ਨੂੰ ਗਹੁ ਨਾਲ ਸੁਣਿਆ ਅਤੇ ਆਪਣੀਆਂ ਸ਼ਰਤਾਂ ਉਤੇ ਸਮਝੌਤਾ ਕਰਨਾ ਪਰਵਾਨ ਕਰ ਲਿਆ।

*Penderal Moon — Divide & Quit, 36.

ਇਸ ਸਮਝੌਤੇ ਦੇ ਸਿੱਟੇ ਵਜੋਂ ਮਾਸਟਰ ਤਾਰਾ ਸਿੰਘ ਦੇ ਨਾਮਜ਼ਦ ਵਿਅੱਕਤੀ, ਸਰਦਾਰ ਬਲਦੇਵ ਸਿੰਘ ਨੂੰ ਸਰ ਸਿਕੰਦਰ ਦੇ ਮੰਤਰੀ ਮੰਡਲ ਵਿਚ ਸਿੱਖ ਪ੍ਰਤੀਨਿਧ ਵਜੋਂ ਸ਼ਾਮਲ ਕੀਤਾ ਗਿਆ। ਇਹ ਸਮਝੌਤਾ ਸਿਕੰਦਰ-ਬਲਦੇਵ ਸਿੰਘ ਪੈਕਟ ਕਰਕੇ ਹੀ ਪਰਸਿੱਧ ਹੋਇਆ। ਇਸ ਪੈਕਟ ਦੀਆਂ ਲਿਖਤੀ ਧਾਰਾਵਾਂ ਅਨੁਸਾਰ ਸਰਕਾਰੀ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦੇ ਪਰਬੰਧ ਕਰਨ ਦਾ ਨਿਸਚਾ ਦਿਵਾਇਆ ਗਿਆ ਅਤੇ ਨਵੇਂ ਕਾਨੂੰਨ ਪਾਸ ਕਰਨ ਸਬੰਧੀ ਸਿੱਖ ਵਜ਼ੀਰ ਦੀ ਸੰਮਤੀ ਅਵੱਸ਼ਕ ਕਰਾਰ ਦਿੱਤੀ ਗਈ। ਇਸ ਤਰ੍ਹਾਂ ਦੀਆਂ ਕਈ ਸ਼ਰਤਾਂ ਮੰਨਵਾ ਕੇ ਐਕਟ ਵਿਚ ਇਹ ਵੀ ਮਾਸਟਰ ਤਾਰਾ ਸਿੰਘ ਨੇ ਸਪੱਸ਼ਟ ਕਰ ਦਿੱਤਾ ਕਿ ਅਸੈਂਬਲੀ ਦੇ ਅਕਾਲੀ ਮੈਂਬਰ ਕਾਂਗਰਸ ਨਾਲ ਹੀ ਬੈਠਣਗੇ ਅਤੇ ਉਹ ਸਰ ਸਿਕੰਦਰ ਦੀ ਸਰਕਾਰ ਅਤੇ ਉਸ ਦੀ ਪਾਰਟੀ ਦੀ ਅਲੋਚਨਾ ਕਰਨ ਸਬੰਧੀ ਪੂਰਨ ਤੌਰ ਤੇ ਸੁਤੰਤਰ ਹੋਣਗੇ। ਇਸ ਤੋਂ ਛੁੱਟ ਜ਼ਬਾਨੀ ਸਰ ਸਿਕੰਦਰ ਨੇ ਸ਼੍ਰੋਮਣੀ ਕਮੇਟੀ ਨੂੰ ਹੋਰ ਅਧਿਕਾਰ ਦੇਣ ਲਈ ਗੁਰਦੁਆਰਾ ਐਕਟ ਵਿਚ ਤਰਮੀਮ ਕਰਨਾ ਮੰਨ ਲਿਆ। ਇਹ ਐਕਟ ਮਾਸਟਰ ਤਾਰਾ ਸਿੰਘ ਦੀ ਸਫ਼ਲ ਰਾਜਨੀਤੀ ਦਾ ਨਮੂਨਾ ਹੈ। ਮਾਸਟਰ ਜੀ ਨੇ ਇਸ ਪੈਕਟ ਵਿਚ ਆਪਣੀਆਂ ਤਾਂ ਸਭੇ ਸ਼ਰਤਾਂ ਮੰਨਵਾ ਲਈਆਂ, ਪਰ ਅਕਾਲੀ ਪਾਰਟੀ ਦੀ ਨੀਤੀ ਸਬੰਧੀ ਉਨ੍ਹਾਂ ਨੇ ਕੋਈ ਬਾਂਧ ਪਰਵਾਨ ਨਾ ਕੀਤੀ। ਸਰ ਸਿਕੰਦਰ ਵਰਗਾ ਚਲਾਕ ਨੀਤੀਵਾਨ ਇਸ ਪੈਕਟ ਨੂੰ ਮਾਸਟਰ ਤਾਰਾ ਸਿੰਘ ਹੱਥੀਂ ਆਪਣੀ ਹਾਰ ਮੰਨਦਾ ਸੀ। ਇਸੇ ਲਈ, ਇਸ ਪੈਕਟ ਨਾਲ ਸਿੱਖਾਂ ਨੂੰ ਪੁੱਜੇ ਰਾਜਨੀਤਕ ਲਾਭਾਂ ਨੂੰ ਬੇਅਸਰ ਬਣਾਉਣ ਲਈ ਅਤੇ ਮਾਸਟਰ ਤਾਰਾ ਸਿੰਘ ਦੇ ਸਿੱਖਾਂ ਤੇ ਅੰਗਰੇਜ਼ਾਂ ਵਿਚ ਬਣੇ ਰਸੂਖ਼ ਦਾ ਟਾਕਰਾ ਕਰਨ ਲਈ, ਸਰ ਸਿਕੰਦਰ ਆਪਣੇ ਜੀਵਨ ਦੇ ਅੰਤਲੇ ਦਿਨਾਂ ਤੱਕ ਗੋਂਦਾਂ ਗੁੰਦਣ ਵਿਚ ਹੀ ਰੁੱਝਾ ਰਿਹਾ।*

*ਮਾਸਟਰ ਤਾਰਾ ਸਿੰਘ—ਮੇਰੀ ਯਾਦ, 142—43.

ਪੰਜਾਬ ਵਿਚ ਮੁਸਲਿਮ ਪ੍ਰਭੁਤਾ ਦੀ ਸਥਾਪਨਾ ਅਤੇ ਪਾਕਿਸਤਾਨ ਦੀ ਮੰਗ ਦੇ ਮਾਸਟਰ ਤਾਰਾ ਸਿੰਘ ਵੱਲੋਂ ਇਸ ਜ਼ੋਰਦਾਰ ਤੇ ਸਫ਼ਲ ਵਿਰੋਧ ਨੇ 1942 ਈਸਵੀ ਵਿਚ ਲੀਗੀ ਨੇਤਾ, ਮੁਹੰਮਦ ਅਲੀ ਜਿਨਾਹ ਨੂੰ ਕੁਝ ਸਮੇਂ ਲਈ ਨਿਰਾਸ ਅਤੇ ਚੋਖਾ ਗੰਭੀਰ ਬਣਾ ਦਿੱਤਾ। ਇਸੇ ਲਈ ਉਹ ਭਾਰਤ ਦੀ ਫ਼ਿਰਕੂ ਸਮੱਸਿਆ ਸਬੰਧੀ ਕਾਂਗਰਸੀ ਤੇ ਹੋਰ ਹਿੰਦੂ ਨੇਤਾਵਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਰਾਜ਼ੀ ਹੋ ਗਿਆ ਸੀ। ਸ੍ਰੀ ਰਾਜ ਗੋਪਾਲ ਆਚਾਰੀਆ, ਰਾਜਾ ਮਹੇਸ਼ਵਰ ਦਿਆਲ, ਬਿਰਲਾ ਅਤੇ ਸ਼ਿਆਮ ਪ੍ਰਸ਼ਾਦ ਮੁਕਰਜੀ ਨੇ ਦਿੱਲੀ ਵਿਚ ਗੱਲ-ਬਾਤ ਚਾਲੂ ਕੀਤੀ। ਜਿਨਾਹ ਨੇ ਹੁੰਗਾਰਾ ਭਰਿਆ ਅਤੇ ਮਹਾਤਮਾ ਗਾਂਧੀ ਤੇ ਜਵਾਹਰ ਲਾਲ ਨਹਿਰੂ (ਜੋ ਇਸ ਸਮੇਂ ਸਿਵਲ-ਨਾ-ਫ਼ੁਰਮਾਨੀ ਦੀ ਲਹਿਰ ਸਬੰਧੀ ਕੈਦ ਸਨ) ਨਾਲ ਜੇਲ੍ਹ ਵਿਚ ਹੀ ਸੰਪਰਕ ਬਣਾ ਲਿਆ ਗਿਆ। ਇਸ ਗੱਲ-ਬਾਤ ਵਿਚ ਮਾਸਟਰ ਤਾਰਾ ਸਿੰਘ ਨੂੰ ਸਿੱਖ ਪ੍ਰਤੀਨਿਧ ਵਜੋਂ ਸ਼ਾਮਲ ਕੀਤਾ ਗਿਆ। ਜਿਨਾਹ ਨੇ ਮੰਗ ਕੀਤੀ ਕਿ 65% ਮੁਸਲਿਮ ਸੰਖਿਆ ਵਾਲੇ ਇਲਾਕਿਆਂ ਦਾ ਪਾਕਿਸਤਾਨ ਬਣਾ ਦਿੱਤਾ ਜਾਵੇ। ਮਾਸਟਰ ਤਾਰਾ ਸਿੰਘ ਨੇ ਤੁਰਤ ਅਨੁਮਾਨ ਲਾ ਲਿਆ ਕਿ ਇਸ ਸੁਝਾਅ ਦੇ ਪ੍ਰਵਾਨ ਚੜ੍ਹਨ ਨਾਲ ਚਨਾਬ ਨਦੀ ਤਕ ਦਾ ਪੰਜਾਬ ਦਾ ਇਲਾਕਾ ਪਾਕਿਸਤਾਨ ਦੀ ਮਾਰ ਤੋਂ ਬਚ ਸਕਦਾ ਸੀ। ਇਸ ਲਈ ਉਨ੍ਹਾਂ ਨੇ ਸਿੱਖਾਂ ਵੱਲੋਂ ਜਿਨਾਹ ਦੀ ਇਸ ਸਕੀਮ ਦੀ ਪੂਰਨ ਤੌਰ ਤੇ ਪੁਸ਼ਟੀ ਕੀਤੀ। ਇਸ ਗੱਲ-ਬਾਤ ਵਿਚ ਗੋਕਲ ਚੰਦ ਨਾਰੰਗ ਪੰਜਾਬੀ ਹਿੰਦੂਆਂ ਦੇ ਪ੍ਰਤੀਨਿਧ ਸਨ। ਉਨ੍ਹਾਂ ਨੇ ਆਪਣੇ ਵਿਚਾਰ ਤਾਂ ਖੁਲ੍ਹ ਕੇ ਪਰਗਟ ਹੀ ਨਾ ਕੀਤੇ, ਪਰ ਇਹ ਸੁਝਾਅ ਪੇਸ਼ ਕੀਤਾ ਕਿ ਕਿਸੇ ਹੋਰ ਪੰਜਾਬੀ ਹਿੰਦੂ ਨੇਤਾ ਨੂੰ ਵੀ ਇਸ ਸਾਰੀ ਗੱਲ-ਬਾਤ ਨਾਲ ਸਬੰਧਤ ਕਰ ਲਿਆ ਜਾਵੇ। ਇਸ ਤੇ ਗੋਸਵਾਮੀ ਗਣੇਸ਼ ਦੱਤ ਨੂੰ ਦਿੱਲੀ ਬੁਲਾਇਆ ਗਿਆ। ਕੁੰਦਨ ਲਾਂਬਾ ਵੀ ਉਨ੍ਹਾਂ ਦੇ ਨਾਲ ਹੀ ਆ ਗਏ। ਗੋਸਵਾਮੀ ਜੀ ਨੂੰ

ਰਾਜਨੀਤਕ ਸੂਝ ਤਾਂ ਉੱਕਾ ਹੀ ਨਹੀਂ ਸੀ। ਉਨ੍ਹਾਂ ਨੇ ਹਾਲਾਤ ਦੀਆਂ ਗੁੰਝਲਾਂ ਸਮਝਣ ਤੋਂ ਬਿਨਾਂ ਹੀ ਵਾ-ਵੇਲਾ ਖੜਾ ਕਰ ਦਿੱਤਾ ਕਿ ਪੰਜਾਬ ਦੇ ਹਿੰਦੂ ਕੋਈ ਵੀ ਇਲਾਕਾ ਪਾਕਿਸਤਾਨ ਨੂੰ ਦੇਣ ਲਈ ਤਿਆਰ ਨਹੀਂ ਸਨ। ਇਸ ਤਰ੍ਹਾਂ ਇਹ ਗੱਲ-ਬਾਤ ਸਿਰੇ ਨਾ ਚੜ੍ਹ ਸਕੀ। ਹਿੰਦੂ ਨੇਤਾਵਾਂ ਦੇ ਇਸ ਵਤੀਰੇ ਕਾਰਨ ਮਾਸਟਰ ਤਾਰਾ ਸਿੰਘ ਬੜੇ ਨਿਰਾਸ ਹੋ ਗਏ। ਉਨ੍ਹਾਂ ਦਾ ਹੁਣ ਇਹ ਪੱਕਾ ਵਿਚਾਰ ਬਣ ਗਿਆ ਕਿ ਪੰਜਾਬ ਦੀ ਮੂਲ ਸਮੱਸਿਆ ਪ੍ਰਤੀ ਪੰਜਾਬੀ ਹਿੰਦੂਆਂ ਦੀ ਦ੍ਰਿਸ਼ਟੀ ਕਿਸੇ ਪੱਖੋਂ ਵੀ ਸਿੱਖਾਂ ਲਈ ਤਸੱਲੀ-ਬਖ਼ਸ਼ ਨਹੀਂ ਸੀ। ਇਸ ਲਈ ਨਵੇਂ ਹਾਲਾਤ ਵਿਚ ਸਿੱਖਾਂ ਨੂੰ ਆਪਣੀ ਸਲਾਮਤੀ ਲਈ ਇਕੱਲਿਆਂ ਹੀ ਸੰਘਰਸ਼ ਕਰਨਾ ਪੈਣਾ ਸੀ।*

## ਆਜ਼ਾਦ ਪੰਜਾਬ ਤੇ ਗੋਲਮੇਜ਼ ਕਾਨਫ਼ਰੰਸ–

ਪੰਜਾਬ ਵਿਚ ਵਧ ਰਹੀ ਮੁਸਲਿਮ ਪ੍ਰਭੁਤਾ ਅਤੇ ਪਾਕਿਸਤਾਨ ਦੀ ਮੰਗ ਦੇ ਸਨਮੁਖ, ਸਿੱਖਾਂ ਦੇ ਸਲਾਮਤੀ ਲਈ ਸੰਘਰਸ਼ ਵਿਚ ਪਹਿਲਾ ਅਮਲੀ ਕਦਮ 'ਆਜ਼ਾਦ ਪੰਜਾਬ' ਨਾਮੀ ਸਕੀਮ ਸੀ, ਜੋ ਮਾਸਟਰ ਤਾਰਾ ਸਿੰਘ ਨੇ 1943 ਈਸਵੀ ਵਿਚ ਅਕਾਲੀ ਕਾਨਫ਼ਰੰਸ ਦੇ ਪ੍ਰਧਾਨਗੀ ਭਾਸ਼ਨ ਵਿਚ ਪੇਸ਼ ਕੀਤੀ। ਵਾਸਤਵ ਵਿਚ 'ਆਜ਼ਾਦ ਪੰਜਾਬ' ਤਾਂ ਇਸ ਸਕੀਮ ਦਾ ਕੁਨਾਉਂ ਹੀ ਸੀ ਅਤੇ ਇਹ ਮੂਲ ਰੂਪ ਵਿਚ ਉਹੀ ਮੰਗ ਸੀ ਜੋ 1931 ਈਸਵੀ ਦੀ ਗੋਲਮੇਜ਼ ਕਾਨਫ਼ਰੰਸ ਵਿਚ ਸਿੱਖ ਪ੍ਰਤੀਨਿਧਾਂ ਵਲੋਂ ਪੰਜਾਬ ਵਿਚ ਮੁਸਲਮਾਨਾਂ ਦੀ ਸਦੀਵੀ ਪ੍ਰਭੁਤਾ ਹਟਾਉਣ ਲਈ ਪੇਸ਼ ਕੀਤੀ ਗਈ ਸੀ। ਆਜ਼ਾਦ ਪੰਜਾਬ ਤੋਂ ਭਾਵ

---

*Author's interview with Master Tara Singh. ਉਪਰੋਕਤ ਘਟਨਾਵਾਂ ਦੇ ਪਿਛੋਕੜ ਵਿਚ ਪੇਂਡਰੂਲ ਮੂਨ ਦਾ ਇਹ ਵਿਚਾਰ ਜੱਚਦਾ ਨਹੀਂ ਕਿ 1942—43 ਤੱਕ ਸਿੱਖ ਆਗੂ ਇਹੀ ਸਮਝਦੇ ਰਹੇ ਕਿ ਪਾਕਿਸਤਾਨ ਹੋਂਦ ਵਿਚ ਹੀ ਨਹੀਂ ਆ ਸਕਦਾ। ਵੇਰਵੇ ਲਈ ਦੇਖੋ : Penderal Moon–Divide & Quit, 36.

ਉਹ ਪੰਜਾਬ ਸੀ ਜੋ ਕਿਸੇ ਵੀ ਫ਼ਿਰਕੇ ਦੇ ਗ਼ਲਬੇ ਤੋਂ ਰਹਿਤ ਹੋਵੇ। ਇਸ ਸਕੀਮ ਵਿਚ ਇਹ ਮੰਗ ਕੀਤੀ ਗਈ ਕਿ ਪੰਜਾਬ ਦਾ ਇਸ ਢੰਗ ਨਾਲ ਪੁਨਰ-ਗਠਨ ਕੀਤਾ ਜਾਵੇ ਕਿ ਇਸ ਵਿਚ ਕਿਸੇ ਵੀ ਫ਼ਿਰਕੇ ਦੀ ਪ੍ਰਭੁਤਾ ਸਥਾਪਤ ਨਾ ਹੋ ਸਕੇ। ਅਜਿਹੇ ਪੰਜਾਬ ਦੀ ਰੂਪ-ਰੇਖਾ ਦੀ ਵਿਆਖਿਆ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਉੱਤਰ ਪੱਛਮੀ ਸਰਹੱਦੀ ਸੂਬੇ ਨਾਲ ਸਭਿਆਚਾਰਕ ਸਾਂਝ ਰਖਣ ਵਾਲੇ ਚਨਾਬ ਪਾਰਲੇ ਇਲਾਕਿਆਂ ਨੂੰ, ਤੇ ਘੱਗਰ ਪਾਰ ਦੇ ਦਖਣ ਪੂਰਬੀ ਪੰਜਾਬ (ਹਰਿਆਣੇ) ਦੇ ਇਲਾਕੇ ਨੂੰ ਪੰਜਾਬ ਨਾਲੋਂ ਅਡਰਾ ਕਰ ਦਿੱਤਾ ਜਾਵੇ। ਸਿੱਖਾਂ ਨੂੰ ਮੁਸਲਿਮ ਬਹੁ-ਗਿਣਤੀ ਖੇਤਰ ਵਿਚੋਂ ਕੱਢਣ ਲਈ 'ਆਜ਼ਾਦ ਪੰਜਾਬ' ਦੀ ਸਕੀਮ ਮਾਸਟਰ ਤਾਰਾ ਸਿੰਘ ਦਾ ਮੁਢਲਾ ਉਪਰਾਲਾ ਸੀ* । ਇਸ ਤੋਂ ਪਤਾ ਲਗਦਾ ਹੈ ਕਿ ਮਾਸਟਰ ਤਾਰਾ ਸਿੰਘ ਪਾਕਿਸਤਾਨ ਦੇ ਹੋਂਦ ਵਿਚ ਆਉਣ ਸਬੰਧੀ ਪੂਰਨ ਤੌਰ ਤੇ ਸੁਚੇਤ ਸੀ ਅਤੇ ਉਹ ਪੰਜਾਬ ਦੇ ਗ਼ੈਰ-ਮੁਸਲਿਮ ਖੇਤਰ ਨੂੰ ਪਾਕਿਸਤਾਨ ਵਿਚੋਂ ਕੱਢਣ ਲਈ ਪੰਜਾਬ ਦੀ ਵੰਡ ਲਈ ਆਧਾਰ ਬਣਾ ਰਿਹਾ ਸੀ। ਪਰ ਮਾਸਟਰ ਤਾਰਾ ਸਿੰਘ ਦੀ ਇਸ ਦੂਰ-ਦ੍ਰਿਸ਼ਟੀ ਨੂੰ ਸਮਝਣ ਵਾਲੇ ਪ੍ਰਸੰਸਕ ਨਾ ਮਿਲ ਸਕੇ। ਇਸ ਦੇ ਉਲਟ ਉਸ ਨੂੰ ਜੋਸ਼ੀਲਾ, ਅਖੜ ਤੇ ਫ਼ਿਰਕਾਪ੍ਰਸਤ ਸਿੱਖ-ਨੇਤਾ ਦਰਸਾਇਆ ਜਾਣ ਲਗਾ। ਇਸੇ ਲਈ ਆਜ਼ਾਦ ਪੰਜਾਬ ਦੀ ਸਕੀਮ ਦਾ ਹਿੰਦੂਆਂ ਵਲੋਂ ਜ਼ੋਰਦਾਰ ਵਿਰੋਧ ਕੀਤਾ ਗਿਆ। ਕੇਵਲ ਕੁਝ ਹੀ ਬੁਧੀਮਾਨ ਅਤੇ ਰਾਜਨੀਤਕ ਤੌਰ ਤੇ ਸੁਚੇਤ ਹਿੰਦੂ, ਮਾਸਟਰ ਤਾਰਾ ਸਿੰਘ ਦੀ ਇਸ ਰਾਜਨੀਤਕ ਚਾਲ ਨੂੰ

---

*Author's Interview with Master Tara Singh.

ਸਤਿਆ ਐਮ. ਰਾਇ ਨੇ ਆਜ਼ਾਦ ੰਜਾਬ ਦੀ ਸਕੀਮ ਨੂੰ ਸੁਤੰਤਰ ਸਿੱਖ ਸਟੇਟ ਦੀ ਮੰਗ ਨਾਲ ਰਲਾ ਦਿੱਤਾ ਹੈ। ਪਰਤੱਖ ਹੀ ਇਹ ਇਕ ਵੱਡੀ ਇਤਿਹਾਸਕ ਭੁਲ ਹੈ। ਵੇਰਵੇ ਲਈ ਦੇਖੋ :—

Satya M. Rai–Partition of the Punjab, 37.

ਸਮਝ ਕੇ ਇਸ ਦੀ ਪ੍ਰਸੰਸਾ ਕਰ ਸਕੇ*। ਰਾਸ਼ਟਰੀ ਪੱਧਰ ਤੇ ਕਾਂਗਰਸੀ ਨੇਤਾ ਮਾਸਟਰ ਤਾਰਾ ਸਿੰਘ ਦੀਆਂ ਨੀਤੀਆਂ ਨੂੰ ਢਾਹ ਲਾਈ ਜਾ ਰਹੇ ਸਨ। 1944 ਈਸਵੀ ਵਿਚ ਰਾਜ ਗੋਪਾਲ ਆਚਾਰੀਆ ਨੇ ਇਕ ਫ਼ਾਰਮੂਲਾ ਪੇਸ਼ ਕੀਤਾ, ਜਿਸ ਨਾਲ ਪਾਕਿਸਤਾਨ ਦੀ ਮੰਗ ਪੂਰਨ ਤੌਰ ਤੇ ਸਵੀਕਾਰ ਹੋ ਜਾਂਦੀ ਸੀ†। ਪਰ ਸਿੱਖਾਂ ਦੇ ਵਿਸ਼ੇਸ਼ ਮਹੱਤਵ ਅਤੇ ਪੰਜਾਬ ਵਿਚ ਉਨ੍ਹਾਂ ਦੇ ਹਿੱਤਾਂ ਦੀ ਸੁਰੱਖਿਆ ਸਬੰਧੀ ਇਸ ਵਿਚ ਕੋਈ ਜ਼ਿਕਰ ਤਕ ਨਹੀਂ ਸੀ। ਮਾਸਟਰ ਤਾਰਾ ਸਿੰਘ ਨੂੰ ਸੁਤੰਤਰ ਭਾਰਤ ਦੀ ਅਜਿਹੀ ਕੋਈ ਵੀ ਰਾਜਨੀਤਕ ਬਣਤਰ ਪਰਵਾਨ ਨਹੀਂ ਹੋ ਸਕਦੀ ਸੀ। ਉਸ ਨੇ ਸਭ ਵਿਚਾਰਾਂ ਵਾਲੇ ਸਿੱਖਾਂ ਦਾ ਪੂਰਨ ਸਹਿਯੋਗ ਪ੍ਰਾਪਤ ਕਰ ਕੇ ਇਸ ਅਖਾਉਤੀ ਰਾਜਾ-ਗਾਂਧੀ ਫ਼ਾਰਮੂਲੇ ਦਾ ਇਤਨਾ ਜ਼ੋਰਦਾਰ ਵਿਰੋਧ ਕੀਤਾ ਕਿ ਮਹਾਤਮਾ ਗਾਂਧੀ ਵੀ ਚਿੜ੍ਹ ਗਏ ਅਤੇ ਉਨ੍ਹਾਂ ਨੇ ਆਪਣੇ ਅਖ਼ਬਾਰ 'ਹਰੀਜਨ' ਵਿਚ ਲਿਖਿਆ : "ਕੀ ਸਿੱਖਾਂ ਲਈ ਸਾਰੇ ਭਾਰਤ ਵਿਚੋਂ ਕੇਵਲ ਪੰਜਾਬ ਹੀ ਉਨ੍ਹਾਂ ਦਾ ਹੋਮ-ਲੈਂਡ ਸੀ?" ਇਸ ਪ੍ਰਸ਼ਨ ਦਾ ਉੱਤਰ ਮਾਸਟਰ ਤਾਰਾ ਸਿੰਘ ਵੱਲੋਂ ਤਾਂ 'ਹਾਂ' ਵਿਚ ਹੀ ਸੀ। ਉਹ ਠੀਕ ਤੌਰ ਤੇ ਪੰਜਾਬ ਨੂੰ ਸਿੱਖਾਂ ਦੀ [illegible]ਭੂਮੀ ਸਮਝਦਾ ਸੀ ਅਤੇ ਇਸ ਵਿਚ ਸਿੱਖਾਂ ਦੀ ਜਨ-ਸੰਖਿਆ ਨੂੰ ਇਕੱਠਿਆਂ ਕਰਨ ਤੇ ਇਸ ਦੇ ਵੱਧ ਤੋਂ ਵੱਧ ਇਲਾਕੇ ਨੂੰ ਪਾਕਿਸਤਾਨ ਦੀ ਮਾਰ ਤੋਂ ਬਚਾਉਣ ਲਈ ਉਹ ਤੱਤਪਰ ਹੋ ਚੁੱਕਾ ਸੀ। 1945 ਦੀਆਂ ਚੋਣਾਂ ਰਾਹੀਂ ਸਮੁੱਚੀ ਸਿੱਖ ਕੌਮ ਨੇ ਜੋਸ਼ ਤੇ ਏਕਤਾ ਨਾਲ, ਮਾਸਟਰ ਤਾਰਾ ਦੀਆਂ ਉਪਰੋਕਤ ਨੀਤੀਆਂ ਦੀ ਪਰਵਾਨਗੀ ਦੇ ਦਿੱਤੀ। ਇਸ ਦਾ ਸਿੱਟਾ ਇਹ ਹੋਇਆ ਕਿ ਜਦੋਂ 1945 ਈਸਵੀ ਵਿਚ ਨਵੇਂ ਵਾਇਸਰਾਇ ਲਾਰਡ ਵੇਵਲ ਨੇ ਭਾਰਤੀ

---

*'ਅਜੀਤ' ਜਲੰਧਰ ਮਿਤੀ 26-11-67 ਵਿਚ ਨਾਨਕ ਚੰਦ ਨਾਜ਼ ਦਾ ਲੇਖ।

†Philips C.H.—Evolution of India & Pakistan, 355.

ਨੇਤਾਵਾਂ ਦੀ ਕਾਨਫ਼ਰੰਸ ਸ਼ਿਮਲੇ ਬੁਲਾਈ ਤਾਂ ਉਸ ਵਿਚ ਮਾ: ਤਾਰਾ ਸਿੰਘ ਨੂੰ ਸਿੱਖਾਂ ਵੱਲੋਂ ਇੱਕੋ ਇਕ ਪ੍ਰਤੀਨਿਧ ਦੇ ਤੌਰ ਤੇ ਸੱਦਾ ਦਿੱਤਾ ਗਿਆ। ਮੁਹੰਮਦ ਅਲੀ ਜਿਨਾਹ ਵੀ ਮੁਸਲਮਾਨਾਂ ਵਲੋਂ ਇਕੋ ਇੱਕ ਪ੍ਰਤੀਨਿੱਧ ਹੋਣ ਦਾ ਮਾਣ ਪ੍ਰਾਪਤ ਕਰਨ ਦਾ ਇੱਛਕ ਸੀ। ਕਾਂਗਰਸ ਨੇ ਉਸ ਦੀ ਇਸ ਮੰਗ ਦਾ ਵਿਰੋਧ ਕੀਤਾ ਅਤੇ ਇਸੇ ਕਾਰਨ ਇਹ ਕਾਨਫ਼ਰੰਸ ਅਸਫ਼ਲ ਰਹੀ।

## ਪੰਜਾਬ ਦੀ ਵੰਡ–

ਘਟਨਾ-ਚੱਕਰ ਹੋਰ ਵੀ ਤੇਜ਼ੀ ਨਾਲ ਚੱਲਣ ਲੱਗਾ ਅਤੇ ਮਾਸਟਰ ਤਾਰਾ ਸਿੰਘ ਨੂੰ ਪਾਕਿਸਤਾਨ ਦੀ ਮੰਗ ਪਰਵਾਨ ਹੁੰਦੀ ਦਿੱਸਣ ਲਗੀ। ਇਸ ਤਰ੍ਹਾਂ ਸਿੱਖ, ਭਾਰਤ ਤੇ ਪਾਕਿਸਤਾਨ ਦੀਆਂ ਹੱਦਾਂ ਉੱਪਰ ਦੋ ਭਾਗਾਂ ਵਿਚ ਵੰਡੇ ਰਹਿ ਜਾਂਦੇ ਸਨ। ਇਸ ਨਵੀਂ ਬਣ ਰਹੀ ਰਾਜ-ਬਣਤਰ ਵਿਚ, ਮਾਸਟਰ ਤਾਰਾ ਸਿੰਘ ਦੇ ਵਿਚਾਰ ਅਨੁਸਾਰ, ਸਿੱਖਾਂ ਦੀ ਸੁਰੱਖਿਆ ਲਈ ਇਕ ਅਜਿਹੇ ਨਵੇਂ ਰਾਜ ਦੇ ਉਲੀਕੇ ਜਾਣ ਦੀ ਲੋੜ ਸੀ ਜਿਸ ਵਿਚ ਸਿੱਖਾਂ ਦੀ ਸਮੁੱਚੀ ਸੰਖਿਆ ਨੂੰ ਇਕੱਠਿਆਂ ਕੀਤਾ ਜਾ ਸਕੇ ਅਤੇ ਜਿਥੇ ਉਨ੍ਹਾਂ ਦਾ ਧਰਮ ਤੇ ਸਭਿਆਚਾਰ ਸੁਰੱਖਿਅਤ ਰਹਿ ਸਕਣ। ਜਦੋਂ ਬਰਤਾਨਵੀ ਸਰਕਾਰ ਨੇ ਭਾਰਤ ਦੀ ਫ਼ਿਰਕੂ ਸਮੱਸਿਆ ਹੱਲ ਕਰਨ ਅਤੇ ਸੁਤੰਤਰਤਾ ਦੇ ਟੀਚੇ ਮਿਥਣ ਲਈ 'ਕੈਬੇਨਿਟ ਮਿਸ਼ਨ' ਭੇਜਿਆ ਤਾਂ ਮਾਸਟਰ ਤਾਰਾ ਸਿੰਘ ਨੇ ਮੰਗ ਕੀਤੀ ਕਿ ਪਾਕਿਸਤਾਨ ਦੇ ਇਕ ਸੁਤੰਤਰ ਤੇ ਅੱਡਰੇ ਦੇਸ਼ ਵਜੋਂ ਹੋਂਦ ਵਿਚ ਆਉਣ ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਇਕ ਮਧਯਵਰਤੀ ਰਾਜ-ਸਥਾਪਤ ਕਰ ਦਿੱਤਾ ਜਾਵੇ। ਅਜਿਹੇ ਰਾਜ ਨੂੰ ਹੋਂਦ ਵਿਚ ਲਿਆਉਣ ਲਈ ਜੇ ਵੱਸੋਂ ਦੀ ਅਦਲਾ-ਬਦਲੀ ਜ਼ਰੂਰੀ ਹੋਵੇ ਤਾਂ ਵੀ ਸੰਕੋਚ ਨਾ ਕੀਤਾ ਜਾਵੇ। ਮਾਸਟਰ ਤਾਰਾ ਸਿੰਘ ਦਾ ਵਿਚਾਰ ਸੀ ਕਿ ਮਧਯਵਰਤੀ ਰਾਜ ਦੀ ਸਥਾਪਨਾ ਭਾਰਤ ਤੇ

ਪਾਕਿਸਤਾਨ ਦੋਹਾਂ ਦੇਸਾਂ ਲਈ ਲਾਭਦਾਇਕ ਸਿੱਧ ਹੋ ਸਕਦੀ ਸੀ। ਮੁਸਲਮਾਨ, ਮਾਸਟਰ ਤਾਰਾ ਸਿੰਘ ਦੀਆਂ ਇਨ੍ਹਾਂ ਸਰਗਰਮੀਆਂ ਤੋਂ ਬੜੇ ਪ੍ਰੇਸ਼ਾਨ ਹੋਏ। ਕਈ ਅੰਗਰੇਜ਼ ਅਫ਼ਸਰਾਂ ਰਾਹੀਂ ਮਾਸਟਰ ਤਾਰਾ ਸਿੰਘ ਅਤੇ ਮੁਸਲਮਾਨ ਆਗੂਆਂ ਦਾ ਸਮਝੌਤਾ ਕਰਾਉਣ ਦਾ ਯਤਨ ਕੀਤਾ ਗਿਆ ਤਾਂ ਜੋ ਮਾਸਟਰ ਜੀ ਵਲੋਂ ਪੇਸ਼ ਕੀਤੇ ਜਾ ਰਹੇ ਪੰਜਾਬ ਦੀ ਵੰਡ ਦੇ ਵੱਖੋ ਵਖਰੇ ਸੁਝਾਵਾਂ ਨੂੰ ਬੇਅਸਰ ਬਣਾਇਆ ਜਾ ਸਕੇ। ਪਰ ਮਾਸਟਰ ਤਾਰਾ ਸਿੰਘ ਸਮਝੌਤੇ ਦੀਆਂ ਇਨ੍ਹਾਂ ਅਖਾਉਤੀ ਚਾਲਾਂ ਵਿਚ ਨਾ ਫਸੇ। ਕਾਂਗਰਸੀ ਨੇਤਾਵਾਂ ਨੇ ਮਾਸਟਰ ਤਾਰਾ ਸਿੰਘ ਦੀ ਮਧਯਵਰਤੀ ਰਾਜ ਦੀ ਮੰਗ ਦੀ ਪ੍ਰੋੜ੍ਹਤਾ ਕਰਨ ਦੀ ਸਾਖੀ ਭਰੀ। ਪਰ ਜਦੋਂ ਅੰਗਰੇਜ਼ਾਂ ਸਾਹਮਣੇ ਇਹ ਮੰਗ ਪੇਸ਼ ਕਰਨ ਦਾ ਸਮਾਂ ਆਇਆ ਤਾਂ ਜਾਣ ਬੁਝ ਕੇ ਕਾਂਗਰਸੀ ਨੇਤਾਵਾਂ ਨੇ ਸਿੱਖਾਂ ਦੀ ਇਸ ਮੰਗ ਨੂੰ ਕੇਵਲ ਪਾਕਿਸਤਾਨ ਜਾਂ ਭਾਰਤ ਦੀ ਵੰਡ ਦੇ ਵਿਚਾਰ ਦੇ ਵਿਰੋਧ ਦਾ ਹੀ ਇਕ ਰੂਪ ਦਰਸਾਇਆ। ਇਸ ਅਵਸਰ ਤੇ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀ ਸਿੱਖ-ਬੁਲਾਰੇ ਆਪਣੇ ਹੀ ਭੇਤੀ ਹਮਾਇਤੀਆਂ ਵਲੋਂ ਰਾਜਨੀਤਕ ਹੇਰ-ਫੇਰ ਵਿਚ ਪਛਾੜੇ ਗਏ ਸਨ। ਫੇਰ ਵੀ ਸਮਾਂ ਗੁਆਉਣ ਬਿਨਾਂ ਮਾਸਟਰ ਤਾਰਾ ਸਿੰਘ ਸੰਭਲ ਗਏ ਅਤੇ ਹਾਲਾਤ ਦੀ ਰੌਅ ਦੇ ਅਨਕੂਲ ਉਨ੍ਹਾਂ ਨੇ ਆਪਣੀ ਮੰਗ ਨੂੰ ਬਦਲ ਕੇ ਇਕ ਅਜਿਹੇ ਸੂਬੇ ਦੀ ਮੰਗ ਕੀਤੀ ਜਿਸ ਨੂੰ ਸਿੱਖਾਂ ਦਾ ਹੋਮਲੈਂਡ ਕਿਹਾ ਜਾ ਸਕਦਾ ਹੋਵੇ, ਜਿਸ ਵਿਚ ਸਿੱਖਾਂ ਦੀ ਵਧ ਤੋਂ ਵਧ ਵਸੋਂ ਆ ਜਾਵੇ ਅਤੇ ਅਜਿਹੇ ਸੂਬੇ ਨੂੰ ਭਾਰਤ ਜਾਂ ਪਾਕਿਸਤਾਨ ਦੋਹਾਂ ਰਾਸ਼ਟਰਾਂ ਵਿਚੋਂ ਕਿਸੇ ਇਕ ਨਾਲ ਰਲ ਜਾਣ ਦੀ ਖੁਲ੍ਹ ਵੀ ਦਿੱਤੀ ਹੋਵੇ*।

ਕੈਬੇਨਿਟ-ਮਿਸ਼ਨ ਅਗੇ ਉਪਰੋਕਤ ਸੁਝਾਅ ਪੇਸ਼ ਕਰਨ ਦਾ ਕੇਵਲ ਇਕੋ ਹੀ ਪ੍ਰਤੀਕਰਮ ਹੋਇਆ। ਇਸ ਮਿਸ਼ਨ ਨੇ ਆਪਣੀ

---

*Khushwant Singh — Histroy of the sikhs Val. II, 258.

ਰੀਪੋਰਟ ਵਿਚ ਸਿੱਖਾਂ ਵਲੋਂ ਪੰਜਾਬ ਵਿਚ ਮੁਸਲਿਮ ਬਹੁ-ਗਿਣਤੀ ਦੀ ਪ੍ਰਭੁਤਾ ਦੇ ਵਿਰੋਧ ਦੀ ਚਰਚਾ ਕੀਤੀ, ਪਰ ਨਾਲ ਹੀ ਭਾਰਤ ਦੀ ਨਵੀਂ ਰਾਜ-ਬਣਤਰ ਸਬੰਧੀ ਸਿਫ਼ਾਰਸ਼ਾਂ ਵਿਚ ਕੈਬਨਿਟ ਮਿਸ਼ਨ ਨੇ ਪਾਕਿਸਤਾਨ ਦੀ ਮੰਗ ਅਮਲੀ ਤੌਰ ਤੇ ਪਰਵਾਨ ਕਰ ਲਈ। ਇਸ ਤਰ੍ਹਾਂ ਸਾਰਾ ਪੰਜਾਬ ਹੀ ਮੁਸਲਿਮ ਬਹੁ-ਗਿਣਤੀ ਵਾਲੇ ਖੇਤਰ ਦਾ ਭਾਗ ਬਣ ਜਾਂਦਾ ਸੀ। ਅਜਿਹੀ ਹਾਲਤ ਮਾਸਟਰ ਤਾਰਾ ਸਿੰਘ ਕਦੇ ਵੀ ਪਰਵਾਨ ਨਹੀਂ ਕਰ ਸਕਦੇ ਸਨ। ਇਸ ਲਈ ਅੰਮ੍ਰਿਤਸਰ ਵਿਖੇ ਪੰਥਕ ਕਨਵੈਨਸ਼ਨ ਬੁਲਾ ਕੇ ਉਸ ਨੇ ਕੈਬਨਿਟ ਮਿਸ਼ਨ ਪਲਾਨ ਦੀ ਕਰੜੀ ਆਲੋਚਨਾ ਕੀਤੀ ਅਤੇ ਬਰਤਾਨੀਆ ਵਿੱਚ ਸਥਿਤ ਸੈਕਟਰੀ ਆਫ਼ ਸਟੇਟ ਵੱਲ ਇਕ ਯਾਦਗਾਰੀ ਪੱਤਰ ਲਿਖਿਆ, ਜਿਸ ਵਿਚ ਇਹ ਸਪੱਸ਼ਟ ਕੀਤਾ ਕਿ "ਕੈਬਨਿਟ ਮਿਸ਼ਨ ਦੀਆਂ ਸਫ਼ਾਰਸ਼ਾਂ ਵਿਚ ਇਹ ਤਾਂ ਮੰਨ ਲਿਆ ਗਿਆ ਹੈ ਕਿ ਮੁਸਲਿਮ ਬਹੁ-ਸੰਮਤੀ ਦੇ ਰਾਜ ਦੇ ਡਰ ਕਾਰਨ ਸਿੱਖ ਚਿੰਤਾਤੁਰ ਹਨ, ਪਰ ਫੇਰ ਵੀ ਉਨ੍ਹਾਂ ਨੂੰ ਮੁਸਲਮਾਨਾਂ ਦੇ ਰਹਿਮ ਤੇ ਛੱਡਣਾ ਹੀ ਉਚਿਤ ਜਾਣਿਆ ਗਿਆ ਹੈ। ਇਸ ਲਈ ਸਿੱਖਾਂ ਨੂੰ ਸਵੈ-ਰੱਖਿਆ ਲਈ ਸ਼ਾਇਦ ਹੋਰ ਸਾਧਨ ਵੀ ਭਾਲਣੇ ਪੈਣਗੇ।" ਮਾਸਟਰ ਤਾਰਾ ਸਿੰਘ ਨੇ ਇਸ ਪੱਤਰ ਵਿਚ ਕੇਵਲ ਪੰਜਾਬ ਸਬੰਧੀ ਹੀ ਚਰਚਾ ਨਹੀਂ ਕੀਤੀ ਸਗੋਂ ਸਮੁੱਚੇ ਭਾਰਤ ਦੇ ਹਿੱਤਾਂ ਸਬੰਧੀ ਸੁਚੇਤ ਰਹਿੰਦਿਆਂ ਇਹ ਵੀ ਪਰਗਟ ਕੀਤਾ ਕਿ "ਕੇਵਲ ਪੰਜਾਬ ਦੇ ਹੀ ਗ਼ੈਰ-ਮੁਸਲਿਮ ਇਲਾਕਿਆਂ ਨੂੰ ਹੀ ਮੁਸਲਮਾਨ ਬਹੁ-ਗਿਣਤੀ ਦੇ ਰਹਿਮ ਤੇ ਨਹੀਂ ਛੱਡਿਆ ਗਿਆ ਸਗੋਂ ਇਹੀ ਹਾਲ ਬੰਗਾਲ ਤੇ ਆਸਾਮ ਦੇ ਗ਼ੈਰ-ਮੁਸਲਮਾਨਾਂ ਦਾ ਹੈ। ਉਥੇ ਤਾਂ ਬਹੁ-ਗਿਣਤੀ ਵੀ ਗ਼ੈਰ-ਮੁਸਲਮਾਨਾਂ ਦੀ ਹੈ ਅਤੇ ਫੇਰ ਵੀ ਉਨ੍ਹਾਂ ਇਲਾਕਿਆਂ ਨੂੰ ਅਜਾਈਂ ਹੀ ਮੁਸਲਿਮ ਬਹੁ-ਸੰਮਤੀ ਵਾਲੇ ਜ਼ੋਨ ਵਿਚ ਧੱਕ ਦਿੱਤਾ ਗਿਆ ਹੈ।" ਮਾਸਟਰ ਤਾਰਾ ਸਿੰਘ ਦੀ ਇਸ ਨੀਤੀ ਦਾ ਵੱਡਾ ਸਿੱਟਾ ਇਹੀ ਨਿਕਲਿਆ ਕਿ ਸਿੱਖਾਂ ਨੂੰ ਘੱਟ ਗਿਣਤੀ

ਵਾਲੀ ਰਾਸ਼ਟਰੀ ਕੌਮ ਤਾਂ ਮੰਨਿਆ ਜਾਣ ਲੱਗਾ ਪਰ ਭਾਰਤੀ ਰਾਸ਼ਟਰੀ ਨੇਤਾਵਾਂ, ਮੁਸਲਮਾਨਾਂ ਜਾਂ ਅੰਗਰੇਜ਼ਾਂ ਕਿਸੇ ਇਕ ਧਿਰ ਨੇ ਵੀ ਇਨ੍ਹਾਂ ਲਈ ਹਮਦਰਦੀ ਵਾਲਾ ਰਵੱਈਆ ਨਾ ਅਪਣਾਇਆ। ਫੇਰ ਵੀ ਮਾਸਟਰ ਤਾਰਾ ਸਿੰਘ ਦੀਆਂ ਇਨ੍ਹਾਂ ਸਰਗਰਮੀਆਂ ਨੇ ਘੱਟੋ ਘੱਟ ਪੰਜਾਬ ਦੀ ਵੰਡ ਲਈ ਤਾਂ ਪੱਕਾ ਆਧਾਰ ਬਣਾ ਹੀ ਦਿੱਤਾ ਸੀ। ਪਰ ਉਹ ਕੇਵਲ ਪੰਜਾਬ ਨਾਲ ਸੰਤੁਸ਼ਟ ਨਹੀਂ ਰਹਿ ਸਕਦਾ ਸੀ, ਸਗੋਂ ਉਹ ਨਵੀਂ ਰਾਜ-ਬਣਤਰ ਵਿਚ ਸਿੱਖਾਂ ਦੀ ਸੁਰੱਖਿਆ ਲਈ ਸਪੱਸ਼ਟ ਜ਼ਾਮਨੀ ਪਰਾਪਤ ਕਰਨਾ ਚਾਹੁੰਦਾ ਸੀ। ਜਦੋਂ 1946 ਈਸਵੀ ਵਿਚ ਕੈਬੇਨਿਟ ਮਿਸ਼ਨ ਦੀਆਂ ਸਫ਼ਾਰਸ਼ਾਂ ਅਨੁਸਾਰ ਅੰਤਰਮ ਸਰਕਾਰ ਬਣਾਉਣ ਦਾ ਅਵਸਰ ਆਇਆ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਸਿੱਖ ਆਗੂਆਂ ਦੀ ਸਹਾਇਤਾ ਮੰਗੀ ਤਾਂ ਮਾਸਟਰ ਤਾਰਾ ਸਿੰਘ ਨੇ ਪੰਡਤ ਨਹਿਰੂ ਨੂੰ, ਸਿੱਖ-ਧਰਮ ਤੇ ਸਭਿਆਚਾਰ ਦੀ ਸੁਰੱਖਿਆ ਲਈ ਨਵੇਂ ਭਾਰਤ ਵਿਚ ਇਕ ਸਿੱਖ ਸੂਬਾ ਬਣਾਉਣ ਸਬੰਧੀ ਜ਼ਿੰਮੇਵਾਰੀ ਲੈਣ ਲਈ ਕਿਹਾ। ਇਸ ਤੇ ਪੰਡਤ ਜੀ ਨੇ ਐਲਾਨ ਕੀਤਾ, "ਸੂਬਿਆਂ ਦੀ ਨਵੀਂ ਹੱਦ-ਬੰਦੀ ਕਰਨੀ ਅਤਿ-ਜ਼ਰੂਰੀ ਹੈ। ਮੈਂ ਤਾਂ ਅਜਿਹੇ ਸੂਬਿਆਂ ਦੇ ਹੱਕ ਵਿਚ ਹਾਂ ਜੋ ਕਿਸੇ ਹੱਦ ਤੱਕ ਸਵਾਧੀਨ ਵੀ ਹੋਣ। ਜੇ ਸਿੱਖ ਇਕ ਅਜਿਹਾ ਸੂਬਾ ਬਣਾ ਕੇ ਕੰਮ ਕਰਨਾ ਚਾਹੁੰਦੇ ਹਨ ਤਾਂ ਮੈਂ ਕਹਾਂਗਾ ਕਿ ਉਹ ਪੰਜਾਬ ਵਿਚ ਹੀ ਇਕ ਅਜਿਹਾ ਅਰਧ-ਸਵਾਧੀਨ ਸੂਬਾ ਲੈ ਲੈਣ ਤਾਂ ਜੋ ਉਨ੍ਹਾਂ ਨੂੰ ਵੀ ਸੁਤੰਤਰਤਾ ਦਾ ਅਨੁਭਵ ਹੋਵੇ।"* ਇਸੇ ਸਮੇਂ ਮੁਸਲਿਮ ਲੀਗੀ ਆਗੂਆਂ ਨੇ ਵੀ ਪੰਜਾਬ ਵਿਚ ਪਾਕਿਸਤਾਨ ਬਣਨ ਪਿੱਛੋਂ ਸਿੱਖਾਂ ਨੂੰ ਖ਼ੁਦ-ਮੁਖ਼ਤਾਰ ਰਾਜਨੀਤਕ ਹੈਸੀਅਤ ਦੇਣ ਦੀ ਪੇਸ਼ਕਸ਼ ਕੀਤੀ। ਪਰ ਮਾਸਟਰ ਤਾਰਾ ਸਿੰਘ ਨੇ ਜਵਾਹਰ ਲਾਲ ਨਹਿਰੂ ਦੇ ਬਚਨਾਂ ਉਪਰ ਵਿਸ਼ਵਾਸ ਕਰਨਾ ਉਚਿੱਤ

---

*ਜਵਾਹਰ ਲਾਲ ਨਹਿਰੂ ਦਾ ਬਿਆਨ ਮਿਤੀ 5-4-46, ਪਿਆਰਾ ਸਿੰਘ ਪਦਮ—ਸੰਖੇਪ ਸਿੱਖ ਇਤਿਹਾਸ 416 ਦੇ ਹਵਾਲੇ ਨਾਲ।

ਜਾਣਿਆ* ਅਤੇ ਸਿੱਖਾਂ ਵੱਲੋਂ ਸਰਦਾਰ ਬਲਦੇਵ ਸਿੰਘ ਨੂੰ ਅੰਤਰਮ ਸਰਕਾਰ ਵਿਚ ਸ਼ਾਮਲ ਹੋਣ ਲਈ ਨਿਸਚਿਤ ਕਰ ਦਿੱਤਾ।

ਮਾਸਟਰ ਤਾਰਾ ਸਿੰਘ ਦੀਆਂ ਨੀਤੀਆਂ ਦੇ ਫਲ-ਸਰੂਪ ਪੰਜਾਬ ਦਾ ਚੋਖਾ ਭਾਗ ਪਾਕਿਸਤਾਨ ਵਿਚੋਂ ਜਾਂਦਾ ਦੇਖ ਕੇ ਮੁਸਲਮਾਨ ਨੇਤਾਵਾਂ ਨੇ ਪੰਜਾਬ ਦੇ ਮੁਖ ਮੰਤਰੀ ਖ਼ਿਜ਼ਰ ਹਯਾਤ ਖ਼ਾਨ ਨਾਲ ਰਲ ਕੇ ਪੰਜਾਬ ਉਪਰ ਧੱਕੋ-ਜ਼ੋਰੀ ਆਪਣਾ ਦਾਬਾ ਬਣਾਉਣ ਦੀ ਵਿਉਂਤ ਬਣਾਈ। ਇਸ ਸਾਜ਼ਸ਼ ਅਨੁਸਾਰ ਖ਼ਿਜ਼ਰ ਹਯਾਤ ਨੇ ਆਪਣੇ ਮੰਤਰੀ-ਮੰਡਲ ਦਾ ਅਸਤੀਫ਼ਾ ਦੇ ਕੇ ਪੰਜਾਬ ਵਿਚ ਲੀਗੀ ਰਾਜ ਲਈ ਰਾਹ ਬਣਾ ਦਿੱਤਾ। ਪਰ ਮੁਸਲਿਮ ਲੀਗ ਕੇਵਲ ਅਕਾਲੀ ਵਿਧਾਇਕਾਂ ਦੀ ਸਹਾਇਤਾ ਨਾਲ ਹੀ ਮੰਤਰੀ-ਮੰਡਲ ਬਣਾ ਸਕਦੀ ਸੀ। ਸਾਰੇ ਪੰਜਾਬ ਨੂੰ ਹੀ ਪਾਕਿਸਤਾਨ ਵਿਚ ਸ਼ਾਮਲ ਕਰਨ ਲਈ ਇਹ ਅੰਤਲਾ ਉਪਰਾਲਾ ਸੀ। ਇਸੇ ਲਈ ਲੀਗੀ ਨੇਤਾ ਮੁਹੰਮਦ ਅਲੀ ਜਿਨਾਹ ਨੇ ਪੰਜਾਬ ਅਸੈਂਬਲੀ ਦੇ ਸਿਖ ਵਿਧਾਇਕਾਂ ਦੀ ਸਹਾਇਤਾ ਲੈਣੀ ਚਾਹੀ ਅਤੇ ਰਾਜਨੀਤਕ ਢੰਗ ਨਾਲ ਮਾਸਟਰ ਤਾਰਾ ਸਿੰਘ ਨੂੰ ਪਾਕਿਸਤਾਨ ਵਿਚ ਸਿੱਖਾਂ ਦੇ ਉਜਾਗਰ ਭਵਿਖ ਸਬੰਧੀ ਕਈ ਭਰਮਾਊ ਸੁਪਨੇ ਵੀ ਦਿਖਾਏ। ਪਰ ਮਾਸਟਰ ਤਾਰਾ ਸਿੰਘ ਪੰਜਾਬ ਵਿਚ ਮੁਸਲਿਮ ਲੀਗੀ ਰਾਜ ਦੀ ਸਥਾਪਨਾ ਵਿਰੁੱਧ ਡੱਟ ਗਿਆ ਅਤੇ ਚਾਰ ਮਾਰਚ 1947 ਨੂੰ ਅਸੈਂਬਲੀ ਹਾਲ, ਲਾਹੌਰ ਵਿਖੇ ਸਿੱਖ ਵਿਧਾਇਕਾਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਸ ਨੇ ਐਲਾਨ ਕੀਤਾ, "ਅਸੀਂ ਪੰਜਾਬ ਵਿਚ ਮੁਸਲਿਮ ਲੀਗੀ ਰਾਜ ਕਦਾਚਿਤ ਨਹੀਂ ਚਲਣ ਦਿਆਂਗੇ।" ਇਸ ਸਮੇਂ ਅਸੈਂਬਲੀ ਹਾਲ ਦੇ ਬਾਹਰ ਕਈ ਹਜ਼ਾਰ ਲੋਕ ਖੜੇ ਸਨ। ਇਨ੍ਹਾਂ ਲੋਕਾਂ ਦੇ ਸਾਹਮਣੇ ਮਾਸਟਰ ਤਾਰਾ ਸਿੰਘ ਨੇ 'ਪਾਕਿਸਤਾਨ ਮੁਰਦਾਬਾਦ' ਤੇ 'ਰਾਜ ਕਰੇਗਾ ਖ਼ਾਲਸਾ'

---

*Gurnam Singh—A Unilingual Punjabi State & the Sikh Unrest, 28.

ਦੇ ਨਾਅਰੇ ਲਾ ਕੇ ਆਪਣੇ ਫ਼ੈਸਲੇ ਨੂੰ ਸਪੱਸ਼ਟ ਕੀਤਾ ਅਤੇ ਇਕ ਭਾਰੀ ਜਲੂਸ ਦੀ ਅਗਵਾਈ ਕੀਤੀ*। ਮਾਸਟਰ ਤਾਰਾ ਸਿੰਘ ਵਲੋਂ ਪੰਜਾਬ ਵਿਚ ਮੁਸਲਿਮ ਲੀਗੀ ਰਾਜ ਦੇ ਇਸ ਸਫ਼ਲ ਵਿਰੋਧ ਦਾ ਮੁਸਲਮਾਨਾਂ ਉੱਪਰ ਪ੍ਰਤਾਵਾਂ ਅਸਰ ਹੋਇਆ ਅਤੇ ਕਰੋਧ ਦੀ ਭਾਵਨਾ ਨਾਲ ਉਨ੍ਹਾਂ ਨੇ ਪੰਜਾਬ ਵਿਚ ਫ਼ਿਰਕੂ ਫ਼ਸਾਦਾਂ ਦਾ ਚੱਕਰ ਚਲਾ ਦਿੱਤਾ। ਬਦਲੇ ਦੀ ਭਾਵਨਾ ਨਾਲ ਰਾਵਲਪਿੰਡੀ ਦੇ ਜ਼ਿਲੇ ਵਿਚ ਹਰਿਆਲ ਵਿਖੇ ਮਾਸਟਰ ਤਾਰਾ ਸਿੰਘ ਦਾ ਘਰ ਢਹਿ ਢੇਰੀ ਕਰ ਕੇ, ਉਸ ਜ਼ਮੀਨ ਉੱਪਰ ਹਲ ਚਲਾਇਆ ਗਿਆ। ਕਿਹਾ ਜਾਂਦਾ ਹੈ ਕਿ ਇਸ ਭਿਆਨਕ ਕਾਂਡ ਵਿਚ ਮਾਸਟਰ ਤਾਰਾ ਸਿੰਘ ਦੇ ਲਗ ਪਗ 59 ਸਨਬੰਧੀ ਮਾਰੇ ਗਏ। ਮਾਸਟਰ ਤਾਰਾ ਸਿੰਘ ਨੂੰ ਆਪਣੀ ਦਲੇਰੀ ਅਤੇ ਠੀਕ ਫ਼ੈਸਲੇ ਲਈ ਇਹ ਕੌਮੀ ਕਰ ਤਾਰਨਾ ਪਿਆ ਸੀ। ਪਰ ਉਹ ਅਹਿੱਲ ਸੀ ਅਤੇ ਇਸ ਨਾਲ ਉਸ ਦੀ ਦ੍ਰਿੜ੍ਹਤਾ ਤੇ ਸਾਹਸ ਨੂੰ ਉਤਸ਼ਾਹ ਮਿਲਿਆ। ਮੁਸਲਮਾਨਾਂ ਦੇ ਫ਼ਿਰਕੂ ਫ਼ਸਾਦਾਂ ਦੇ ਵਾਰ ਦਾ ਟਾਕਰਾ ਕਰਨ ਲਈ 13 ਅਪਰੈਲ 1947 ਵੈਸਾਖੀ ਵਾਲੇ ਦਿਨ, ਮਾਸਟਰ ਤਾਰਾ ਸਿੰਘ ਨੇ ਅਕਾਲ ਤਖ਼ਤ ਵਿਖੇ ਇਕ ਭਾਰੀ ਇਕੱਠ ਸੱਦਿਆ। ਇਸ ਅਵਸਰ ਤੇ ਮਾਸਟਰ ਜੀ ਨੇ 280 ਜੱਥੇਦਾਰਾਂ ਸਮੇਤ ਪ੍ਰਣ ਕੀਤਾ ਕਿ ਉਹ ਸੰਕਟ ਸਮੇਂ ਕੌਮ ਲਈ ਜਾਨਾਂ ਵਾਰਨ ਤੋਂ ਸੰਕੋਚ ਨਹੀਂ ਕਰਨਗੇ। ਮਾਸਟਰ ਤਾਰਾ ਸਿੰਘ ਦੇ ਉੱਦਮ ਤੇ ਉਤਸ਼ਾਹ ਨਾਲ ਹੀ ਪਿੰਡ ਪਿੰਡ ਤੇ ਨਗਰ ਨਗਰ ਵਿਚ 'ਸ਼ਹੀਦੀ ਦਲ' ਬਣਾਏ ਗਏ ਅਤੇ ਸਿੱਖਾਂ ਨੂੰ ਜੰਗੀ ਹਥਿਆਰਾਂ ਦੀ ਵਰਤੋਂ ਦੀ ਸਿਖਲਾਈ ਦੇਣ ਦਾ ਵੀ ਪਰਬੰਧ ਕੀਤਾ ਗਿਆ। ਥੋੜੇ ਹੀ ਸਮੇਂ ਵਿਚ ਮਾਸਟਰ ਤਾਰਾ ਸਿੰਘ ਨੇ ਕੌਮ ਨੂੰ ਗੰਭੀਰ ਸੰਕਟ ਦਾ ਟਾਕਰਾ ਕਰਨ ਲਈ ਤਿਆਰ ਕਰ ਲਿਆ। ਇਸ ਸਮੇਂ ਪੰਜਾਬ ਦੀ ਸਮੁੱਚੀ ਗ਼ੈਰ-ਮੁਸਲਿਮ

---

*Khaliq-ul-Zaman—Pathway to Pakistan, 376. Stephens Jan.,—Pakistan, 143.

ਜਨਤਾ, ਅਗਵਾਈ ਲਈ ਕੇਵਲ ਮਾਸਟਰ ਤਾਰਾ ਸਿੰਘ ਵੱਲ ਹੀ ਵੇਖਦੀ ਸੀ ਅਤੇ ਮਾਸਟਰ ਜੀ ਨੂੰ ਹਿੰਦੂ ਸਿੱਖਾਂ ਦੇ ਇਕ ਸਾਂਝੇ ਦਲ 'ਐਂਟੀ ਪਾਕਿਸਤਾਨ ਫ਼ਰੰਟ' ਦਾ ਡਿਕਟੇਟਰ ਚੁਣਿਆ ਗਿਆ।

## ਸਿੱਖ ਹੋਮਲੈਂਡ–

ਉਪਰੋਕਤ ਹਾਲਾਤ ਵਿਚ ਕੈਬੇਨਿਟ ਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਨਾ ਹੁੰਦੀਆਂ ਦੇਖ ਕੇ, ਬਰਤਾਨਵੀ ਪਰਧਾਨ ਮੰਤਰੀ ਨੇ ਪਾਰਲੀਮੈਂਟ ਸਾਹਮਣੇ ਭਾਸ਼ਨ ਦੇਂਦਿਆਂ ਕਿਹਾ ਕਿ ਬਰਤਾਨਵੀ ਸਰਕਾਰ ਛੇਤੀ ਤੋਂ ਛੇਤੀ ਭਾਰਤ ਨੂੰ ਸੁਤੰਤਰਤਾ ਦੇਣ ਲਈ ਦ੍ਰਿੜ੍ਹ ਸੀ। ਜੂਨ 1948 ਅੰਤਲੀ ਮਿਤੀ ਮਿਥ ਦਿੱਤੀ ਗਈ ਅਤੇ ਸਰਕਾਰੀ ਅਦਲਾ-ਬਦਲੀ ਸਬੰਧੀ ਵਿਉਂਤ-ਬੰਦੀ ਕਰਨ ਲਈ ਲਾਰਡ ਮਾਊਂਟਬੈਟਨ ਨੂੰ ਭਾਰਤ ਦਾ ਅੰਤਲਾ ਵਾਇਸਰਾਇ ਨਿਯਤ ਕਰ ਕੇ ਭੇਜਿਆ ਗਿਆ। ਇਸ ਤੇਜ਼ ਰਾਜਸੀ ਹਲਚਲ ਵਿਚ ਮਾਸਟਰ ਤਾਰਾ ਸਿੰਘ ਨੂੰ ਦਿੱਲੀ ਅਤੇ ਲਾਹੌਰ ਵਿਚਕਾਰ ਕਈ ਚੱਕਰ ਕਟਣੇ ਪਏ ਅਤੇ ਕਈ ਰਾਤਾਂ ਉਨੀਂਦਰਾ ਝਾਗਣਾ ਪਿਆ। ਮਾਊਂਟਬੈਟਨ ਨੂੰ ਪਾਕਿਸਤਾਨ ਸਬੰਧੀ ਸਿੱਖਾਂ ਦੇ ਪ੍ਰਤੀਕਰਮ ਦਸਦਿਆਂ, ਜਿਥੇ ਮਾਸਟਰ ਤਾਰਾ ਸਿੰਘ ਨੇ ਪੰਜਾਬ ਦੀ ਵੰਡ ਤੇ ਜ਼ੋਰ ਦਿੱਤਾ, ਉਥੇ ਇਹ ਵੀ ਮੰਗ ਕੀਤੀ ਕਿ ਵੰਡ ਦਾ ਆਧਾਰ ਕੇਵਲ ਫ਼ਿਰਕੂ ਜਨ-ਸੰਖਿਆ ਹੀ ਨਾ ਬਣੇ ਸਗੋਂ ਸਿੱਖਾਂ ਦੇ ਮਹੱਤਵ ਅਤੇ ਉਨ੍ਹਾਂ ਦੀ ਖਿਲਰੀ ਹੋਈ ਆਬਾਦੀ, ਸੰਮਪਤੀ ਤੇ ਧਰਮ ਅਸਥਾਨਾਂ ਵੱਲ ਵੀ ਧਿਆਨ ਰਖਿਆ ਜਾਵੇ। ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀ ਸਿੱਖ ਆਗੂਆਂ (ਗਿਆਨੀ ਕਰਤਾਰ ਸਿੰਘ ਅਤੇ ਸਰਦਾਰ ਬਲਦੇਵ ਸਿੰਘ) ਨੇ ਇਸ ਮੰਗ ਦੀ ਪ੍ਰੋੜ੍ਹਤਾ ਕਾਂਗਰਸ ਪ੍ਰਧਾਨ ਸ੍ਰੀ ਕ੍ਰਿਪਲਾਨੀ ਪਾਸੋਂ ਵੀ ਕਰਵਾਈ। ਵਾਸਤਵ ਵਿਚ ਮਾਸਟਰ ਤਾਰਾ ਸਿੰਘ ਅਤੇ ਉਸ ਦੇ ਸਾਥੀਆਂ ਦਾ ਮੰਤਵ ਇਹ ਪੱਕ ਕਰ ਲੈਣਾ ਸੀ ਕਿ ਪੂਰਬੀ ਪੰਜਾਬ ਨੂੰ ਇਕ ਨੀਮ-ਸਾਵਧਾਨ ਰਾਜ ਬਣਾ ਦਿਤਾ ਜਾਵੇਗਾ

ਅਤੇ ਇਸ ਨਾਲੋਂ, ਹਿੰਦੂ ਬਹੁ-ਗਿਣਤੀ ਵਾਲੇ ਚਾਰ ਜ਼ਿਲੇ (ਰੋਹਤਕ, ਹਿਸਾਰ, ਗੁੜਗਾਵਾਂ ਤੇ ਕਰਨਾਲ) ਅਡਰੇ ਕਰ ਦਿੱਤੇ ਜਾਣਗੇ। ਕਾਂਗਰਸੀ ਨੇਤਾਵਾਂ ਨੇ ਅਜਿਹਾ ਵਿਸ਼ਵਾਸ ਦਿਵਾਉਣ ਤੋਂ ਕੰਨੀ ਕਤਰਾਈ, ਪਰ ਫੇਰ ਵੀ ਮਾਸਟਰ ਜੀ ਨੇ ਪਾਕਿਸਤਾਨੀ ਆਗੂਆਂ ਵੱਲੋਂ ਮਿਲਦੇ ਕਈ ਅਧੂਰੇ ਵਿਸ਼ਵਾਸਾਂ ਉਪਰ ਇਤਬਾਰ ਕਰਨਾ ਉੱਚਿਤ ਨਾ ਜਾਣਿਆ* ।

ਇਨ੍ਹਾਂ ਹਾਲਾਤ ਵਿਚ ਮਾਸਟਰ ਤਾਰਾ ਸਿੰਘ ਨੂੰ ਦੋਹੀਂ ਪਾਸੀਂ (ਭਾਰਤ ਅਤੇ ਪਾਕਿਸਤਾਨ ਵਿਚ) ਸਿੱਖਾਂ ਦੇ ਉਜਾਗਰ ਭਵਿਖ ਸਬੰਧੀ ਕੋਈ ਆਸ ਨਾ ਬੱਝੀ। ਜੂਨ 1947 ਵਿਚ ਜਦੋਂ ਲਾਰਡ ਮਾਊਂਟਬੈਟਨ ਨੇ ਆਪਣੀ ਭਾਰਤ ਦੀ ਵੰਡ ਦੀ ਸਕੀਮ ਦਾ ਐਲਾਨ ਕੀਤਾ ਤਾਂ ਮਾਸਟਰ ਜੀ ਨੇ ਵੇਖਿਆ ਕਿ ਸਭੇ ਧਿਰਾਂ ਸਿੱਖਾਂ ਨੂੰ ਰਾਜਸੀ ਹੇਰਾ-ਫੇਰੀ ਵਿਚ ਪਿਛਾੜ ਰਹੀਆਂ ਸਨ ਅਤੇ ਇਸ ਦਾ ਮੁਖ ਕਾਰਨ ਸਿੱਖਾਂ ਦੀ ਘਟ-ਗਿਣਤੀ ਸੀ । ਵੰਡ ਦੀ ਨਵੀਂ ਯੋਜਨਾ ਅਨੁਸਾਰ ਸਿੱਖਾਂ ਦੀਆਂ ਉਪਜਾਊ ਬਾਰਾਂ ਅਤੇ ਨਨਕਾਣਾ ਸਾਹਿਬ ਵਰਗੇ ਕਈ ਧਰਮ ਅਸਥਾਨ ਪਾਕਿਸਤਾਨ ਵਿਚ ਚਲੇ ਜਾਂਦੇ ਸਨ । ਇਸ ਲਈ ਮਾਸਟਰ ਤਾਰਾ ਸਿੰਘ ਨੇ ਅੰਤਲਾ ਦਾਅ ਖੇਡਣ ਦਾ ਫ਼ੈਸਲਾ ਕੀਤਾ। ਮਾਸਟਰ ਤਾਰਾ ਸਿੰਘ ਅਤੇ ਉਨ੍ਹਾਂ ਦੇ ਸਾਥੀ-ਸਿੱਖ ਆਗੂਆਂ ਦੇ ਇਸ ਫ਼ੈਸਲੇ ਨੂੰ 'ਸਿੱਖ ਸਾਜ਼ਸ਼' ਵੀ ਕਿਹਾ ਜਾਂਦਾ ਹੈ। ਇਸ ਫ਼ੈਸਲੇ ਅਨੁਸਾਰ ਪਾਕਿਸਤਾਨ ਤੇ ਭਾਰਤ ਦੀ ਹੱਦ-ਬੰਦੀ ਹੋਣ ਸਮੇਂ ਸਿੱਖ ਜਨਤਾ ਨੇ ਆਪਣੇ ਸੈਨਕ ਭਰਾਵਾਂ ਦੀ ਸਹਾਇਤਾ ਨਾਲ ਕੇਂਦਰੀ ਪੰਜਾਬ ਦੇ ਵੱਧ ਤੋਂ ਵੱਧ ਇਲਾਕੇ ਉੱਪਰ ਸੁਤੰਤਰ ਅਧਿਕਾਰ ਜਮਾਉਣ ਦਾ ਜਤਨ ਕਰਨਾ ਸੀ ਅਤੇ ਵੰਡ ਦੇ ਫ਼ੈਸਲੇ ਦੇ ਫਲ ਸਰੂਪ ਹੋਈ ਹੱਦਬੰਦੀ ਦਾ ਕਰੜਾ ਵਿਰੋਧ ਕਰਨਾ ਸੀ । ਇਸ ਨੂੰ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਲਈ

---

*ਵੇਰਵੇ ਲਈ ਵੇਖੋ Penderal Moon—Divide & Quit, 85.

ਹੰਭਲਾ ਵੀ ਕਿਹਾ ਜਾਂਦਾ ਹੈ। ਪਰ ਇਸ ਵਿਉਂਤ ਦੀ ਸੂਹ ਭਾਰਤੀ, ਪਾਕਿਸਤਾਨੀ ਅਤੇ ਅੰਗਰੇਜ਼ ਆਗੂਆਂ ਨੂੰ ਪਹਿਲੋਂ ਹੀ ਮਿਲ ਗਈ। ਸਿੱਟੇ ਵਜੋਂ ਸਿੱਖ ਸੈਨਕਾਂ ਨੂੰ ਵੰਡ ਦੇ ਸਮੇਂ ਪੰਜਾਬੋਂ ਬਾਹਰ ਹੀ ਰਖਿਆ ਗਿਆ ਅਤੇ ਪਾਰਟੀਸ਼ਨ ਕੌਂਸਲ ਵੱਲੋਂ ਸਿੱਖਾਂ ਦੀ ਚੋਖੀ ਗਿਣਤੀ ਵਾਲੇ ਜ਼ਿਲਿਆਂ ਨੂੰ ਇਕ ਵਿਸ਼ੇਸ਼ ਫ਼ੌਜੀ ਕਮਾਨ ਦੇ ਹਵਾਲੇ ਕਰ ਦਿੱਤਾ ਗਿਆ। ਇਸ ਫ਼ੌਜੀ ਕਮਾਨ ਦਾ ਮੁਖੀ ਜਨਰਲ ਰੀਜ਼ ਨੂੰ ਨਾਮਜ਼ਦ ਕੀਤਾ ਗਿਆ। ਇਸ ਵੰਡ ਸਮੇਂ ਮਾਸਟਰ ਤਾਰਾ ਸਿੰਘ ਦੀ ਸਿੱਖ ਰਾਜ ਦੀ ਸ੍ਥਾਪਨਾ ਦੀ ਇਹ ਵਿਉਂਤ ਸਿਰੇ ਨਾ ਚੜ੍ਹ ਸਕੀ।*

## ਅਕਾਲ ਸੈਨਾ—

ਉਪਰੋਕਤ ਰਾਜਸੀ ਹਾਲਾਤ ਦੀ ਦ੍ਰਿਸ਼ਟੀ ਵਿਚ ਸੁਤੰਤਰਤਾ ਦਾ ਆਗਮਨ ਸਿੱਖਾਂ ਲਈ ਤਾਂ ਬਰਬਾਦੀ ਸਿੱਧ ਹੋ ਰਿਹਾ ਸੀ। ਦੇਸ਼ ਦੀ ਵੰਡ ਹੁੰਦਿਆਂ ਹੀ ਪੱਛਮੀ ਪੰਜਾਬ ਵਿਚ ਮੁਸਲਮਾਨਾਂ ਨੇ 'ਕੋਈ ਸਿੱਖ ਰਹਿਨੇ ਨਾ ਪਾਏ ਮਗ਼ਰਬੀ ਪੰਜਾਬ ਮੇਂ' ਦੇ ਲਲਕਾਰੇ ਨਾਲ ਸਿੱਖਾਂ ਉਪਰ ਜ਼ੁਲਮ ਢਾਹੁਣੇ ਅਰੰਭ ਕਰ ਦਿੱਤੇ ਅਤੇ ਕੁਝ ਹੀ ਮਹੀਨਿਆਂ ਵਿਚ ਸਿੱਖ ਆਪਣੀ ਭੋਇੰ ਅਤੇ ਪਵਿੱਤਰ ਗੁਰ ਅਸਥਾਨਾਂ ਤੋਂ ਵੰਚਤ ਹੋ ਕੇ ਪੂਰਬੀ ਪੰਜਾਬ ਵੱਲ ਆਉਣ ਲਈ ਮਜਬੂਰ ਹੋ ਗਏ। ਦੂਜੇ ਪਾਸੇ ਭਾਰਤ ਵਿਚ, ਅਖਾਉਤੀ ਅਫ਼ਿਰਕੂ ਨੀਤੀਆਂ ਅਪਣਾਉਣ ਵਾਲੇ ਪਰਧਾਨ ਮੰਤਰੀ, ਪੰਡਤ ਨਹਿਰੂ ਅਤੇ ਮੁਸਲਿਮ ਨੇਤਾ ਮੌਲਾਨਾ ਆਜ਼ਾਦ, ਫ਼ਿਰਕੂ ਆਧਾਰ ਤੇ ਜਨ-ਸੰਖਿਆ ਦੀ ਅਦਲਾ-ਬਦਲੀ ਦੇ ਨਿਯਮ ਦੇ ਵਿਰੋਧੀ ਬਣ ਬੈਠੇ। ਸਿੱਖਾਂ ਲਈ ਇਹ ਹਾਲਤ ਵੱਡੀ ਬਿਪਤਾ ਬਣ ਗਈ। ਇਸ ਗੰਭੀਰ ਸੰਕਟ-ਕਾਲ ਵਿਚ ਵੀ ਮਾਸਟਰ ਤਾਰਾ ਸਿੰਘ ਨੇ ਸਿੱਖ ਕੌਮ ਵਿਚ ਨਿਰਾਸਤਾ ਦੀ ਭਾਵਨਾ ਨਾ ਆਉਣ ਦਿੱਤੀ। ਭਾਰਤੀ ਨੇਤਾਵਾਂ ਦੇ ਵਿਰੋਧ ਦੇ ਬਾਵਜੂਦ ਮਾਸਟਰ ਤਾਰਾ ਸਿੰਘ

*Mohd. Ayub Khan—Freinds not Masters, 15.

ਨੇ ਪੰਜਾਬ ਵਿਚ ਫ਼ਿਰਕੂ ਆਧਾਰ ਤੇ ਜਨ-ਸੰਖਿਆ ਦੀ ਅਦਲਾ-ਬਦਲੀ ਕਰਵਾਉਣ ਦਾ ਨਿਸਚਾ ਕਰ ਲਿਆ। ਉਸ ਨੇ ਜੱਥੇਦਾਰ ਊਧਮ ਸਿੰਘ ਨਾਗੋਕੇ ਦੀ ਸਹਾਇਤਾ ਨਾਲ "ਅਕਾਲ ਸੈਨਾ" ਨਾਮੀ ਇਕ ਜੱਥੇਬੰਦੀ ਬਣਾ ਕੇ ਮੁਸਲਮਾਨਾਂ ਕੋਲੋਂ ਭੋਇੰ ਆਦਿ ਹਥਿਆਉਣ ਦਾ ਉਪਰਾਲਾ ਕੀਤਾ, ਤਾਂ ਜੋ ਪੂਰਬੀ ਪੰਜਾਬ ਵਿਚ ਉਜੜੇ ਆਏ ਸਿੱਖਾਂ ਦੀ ਚੋਖੀ ਸੰਖਿਆ ਨੂੰ ਇਕੱਠਿਆਂ ਵਸਾਇਆ ਜਾ ਸਕੇ। "ਅਕਾਲ ਸੈਨਾ" ਦੀਆਂ ਕਾਰਵਾਈਆਂ ਦੇ ਸਿੱਟੇ ਵਜੋਂ ਪਾਕਿਸਤਾਨ ਤੇ ਭਾਰਤ ਦੀਆਂ ਸਰਕਾਰਾਂ ਨੂੰ ਪੂਰਬੀ ਤੇ ਪੱਛਮੀ ਪੰਜਾਬ ਵਿਚਕਾਰ ਫ਼ਿਰਕੂ ਆਧਾਰ ਤੇ ਜਨ-ਸੰਖਿਆ ਦੀ ਅਦਲਾ-ਬਦਲੀ ਦਾ ਅਸੂਲ ਪਰਵਾਨ ਕਰਨਾ ਪਿਆ। ਮਾਸਟਰ ਤਾਰਾ ਸਿੰਘ ਦੀ ਇਸ ਸਫ਼ਲ ਰਾਜਨੀਤਕ ਚਾਲ ਨੇ ਉਜੜੇ ਸਿੱਖਾਂ ਵਿਚ ਉਸ ਦਾ ਸਤਿਕਾਰ ਤੇ ਵਿਸ਼ਵਾਸ ਸਥਿਰ ਰੱਖਿਆ ਅਤੇ ਸ਼ੀਘਰ ਹੀ ਉਸ ਨੂੰ ਸੁਤੰਤਰ ਭਾਰਤ ਵਿਚ ਸਿੱਖ ਹੱਕਾਂ ਦਾ ਪਹਿਰੇਦਾਰ ਮੰਨਿਆ ਜਾਣ ਲੱਗਾ।

### ਨਵੇਂ ਘੋਲ ਦਾ ਅਰੰਭ–

ਨਵੇਂ ਪੰਜਾਬ ਦੀ ਰਾਜਨੀਤੀ ਦੀ ਤਰਜ਼ ਪੰਜਾਬੀ ਹਿੰਦੂਆਂ ਦੀ ਮਨੋ-ਵਿਗਿਆਨਕ ਅਵਸਥਾ ਨੇ ਬਣਾਈ ਜਾਪਦੀ ਹੈ। ਦੇਸ਼ ਦੀ ਵੰਡ ਨਾਲ ਪੰਜਾਬੀ ਹਿੰਦੂਆਂ ਦਾ ਮਹਾਨ ਕੇਂਦਰ ਅਤੇ ਪਰਾਚੀਨ ਮਿਥਿਹਾਸ ਨਾਲ ਸਬੰਧਤ, ਲਾਹੌਰ ਸ਼ਹਿਰ ਪਾਕਿਸਤਾਨ ਵੱਲ ਚਲਾ ਗਿਆ। ਇਸ ਨਾਲ ਦੇਸ਼ ਦੀ ਅਖੰਡਤਾ ਉਨ੍ਹਾਂ ਨੂੰ ਭੰਗ ਹੁੰਦੀ ਦਿਸਣ ਲੱਗੀ। ਪਰਤਾਵੇਂ ਅਸਰ ਵਜੋਂ ਹਿੰਦੂ ਬਹੁ-ਸੰਮਤੀ ਨੇ ਸਿੱਖਾਂ ਪ੍ਰਤੀ ਸ਼ੰਕੇ-ਭਰਪੂਰ ਨੀਤੀ ਅਪਣਾ ਲਈ। ਸੁਤੰਤਰਤਾ ਦੇ ਇਕ ਮਹੀਨੇ ਹੀ ਪਿੱਛੋਂ ਜਦੋਂ ਸਿੱਖ ਅਜੇ ਪੰਜਾਬ ਦੀ ਵੰਡ ਨਾਲ ਆਪਣੇ ਸਰੀਰ ਉਪਰ ਲੱਗੇ ਫੱਟਾਂ ਨੂੰ ਸੇਕ ਹੀ ਰਹੇ ਸਨ ਕਿ ਪੰਜਾਬੀ ਹਿੰਦੂਆਂ ਦਾ ਇਕ ਪ੍ਰਤੀਨਿਧ ਮੰਡਲ, ਪੰਡਤ ਨਹਿਰੂ ਤੇ ਸਰਦਾਰ ਪਟੇਲ ਨੂੰ ਜਾ ਮਿਲਿਆ ਅਤੇ

ਉਨ੍ਹਾਂ ਅਗੇ ਅਰਜ਼ੋਈ ਕੀਤੀ ਕਿ ਉਹ ਪੰਜਾਬ ਵਿਚ ਸਿੱਖਾਂ ਨੂੰ 'ਕਾਬੂ ਵਿਚ ਰੱਖਣ' ਵੱਲ ਵਿਸ਼ੇਸ਼ ਧਿਆਨ ਦੇਣ।* ਹਿੰਦੂਆਂ ਦੀ ਇਸ ਕਟੜ ਦੇਸ਼-ਭਗਤੀ ਤੋਂ ਉਤਸ਼ਾਹਤ ਹੋ ਕੇ ਪੰਜਾਬ ਦੇ ਨਵੇਂ ਰਾਜਪਾਲ, ਚੰਦੂ ਲਾਲ ਤਰੀਵੇਦੀ ਨੇ ਗੁਪਤ ਗਸ਼ਤੀ ਚਿੱਠੀ ਜਾਰੀ ਕੀਤੀ, ਜਿਸ ਵਿਚ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਦਰਸਾਇਆ ਤੇ ਸਰਕਾਰੀ ਕਰਮਚਾਰੀਆਂ ਨੂੰ ਸਿੱਖਾਂ ਨਾਲ ਵਿਤਕਰੇ-ਭਰਿਆ ਸਲੂਕ ਕਰਨ ਦੀ ਸ਼ਹਿ ਦਿੱਤੀ। ਕੇਂਦਰੀ ਸਰਕਾਰ ਵੱਲੋਂ ਰਾਜਾਂ ਦੇ ਭਾਸ਼ਾਈ ਆਧਾਰ ਤੇ ਪੁਨਰ-ਸੰਗਠਨ ਲਈ ਨਿਯੁਕਤ ਹੋਈ "ਦਾਰ ਕਮੇਟੀ" ਅਗੇ ਪੰਜਾਬ ਦਾ ਮਾਮਲਾ ਪੇਸ਼ ਹੀ ਨਾ ਕੀਤਾ ਗਿਆ। ਤੀਖਣ ਬੁੱਧੀ ਨਾਲ ਮਾਸਟਰ ਤਾਰਾ ਸਿੰਘ ਨੇ ਝੱਟ ਤਾੜ ਲਿਆ ਕਿ ਵੰਡ ਦੇ ਦਿਨਾਂ ਵਿਚ ਉਸ ਦੇ ਮਨ ਵਿਚ ਉਪਜੇ ਸ਼ੰਕੇ ਠੀਕ ਸਿੱਧ ਹੋਣ ਹੀ ਵਾਲੇ ਸਨ, ਤੇ ਰਾਸ਼ਟਰੀ-ਪੱਧਰ ਦੇ ਕਾਂਗਰਸੀ ਨੇਤਾ ਵੀ ਪੰਜਾਬ ਵਿਚ ਸਿੱਖਾਂ ਦੀ ਘੱਟ-ਗਿਣਤੀ ਵੱਲ ਧੱਕੇਸ਼ਾਹੀ ਵਾਲਾ ਵਰਤਾਉ ਕਰਨ ਤੇ ਤੁਲ ਪਏ ਸਨ। ਉਸ ਨੇ ਤੁਰਤ ਹੀ ਸਿੱਖ ਕੌਮ ਦੇ ਪਰਮੁੱਖ ਨੇਤਾ ਵਜੋਂ ਸਪੱਸ਼ਟ ਕਰ ਦਿੱਤਾ ਕਿ "ਸਿੱਖ, ਮੁਸਲਮਾਨ ਗ਼ਲਬੇ ਵਿਚੋਂ ਨਿਕਲ ਕੇ ਹਿੰਦੂ ਗ਼ਲਬੇ ਵਿਚ ਫਸਣਾ ਕਦਾਚਿਤ ਬਰਦਾਸ਼ਤ ਨਹੀਂ ਕਰਨਗੇ।"

ਦੂਜੇ ਪਾਸੇ ਕਾਂਗਰਸੀ ਨੇਤਾਵਾਂ ਨੇ ਵੀ ਸਿੱਖਾਂ ਨੂੰ ਪਤਿਆਉਣ ਤੇ ਉਨ੍ਹਾਂ ਦੀ ਅੱਡਰੀ ਰਾਜਨੀਤਕ ਹੋਂਦ ਦਾ ਅੰਤ ਕਰਨ ਲਈ ਕਈ ਚਾਲਾਂ ਚਲੀਆਂ। ਅਗਸਤ 1948 ਈਸਵੀ ਵਿਚ ਪੂਰਬੀ ਪੰਜਾਬ ਦੀਆਂ ਦੇਸੀ ਰਿਆਸਤਾਂ ਦੇ ਸੰਗਠਨ (ਜਿਸ ਵਿਚ ਪੰਜ ਸਿੱਖ ਰਿਆਸਤਾਂ ਸਨ) ਦੇ ਉਦਘਾਟਨ ਸਮੇਂ ਭਾਰਤ ਦੇ ਉਪ-ਪਰਧਾਨ ਮੰਤਰੀ ਸਰਦਾਰ ਪਟੇਲ ਨੇ ਸਿੱਖਾਂ ਦੀ ਉਚੇਚੀ ਉਸਤਤ ਕੀਤੀ ਅਤੇ ਨਵੇਂ ਸੰਗਠਨ, ਪੈਪਸੂ ਨੂੰ 'ਸਿੱਖ ਹੋਮਲੈਂਡ' ਦਰਸਾਇਆ। ਪਰ ਨਾਲ ਹੀ ਮਾਸਟਰ ਤਾਰਾ ਸਿੰਘ

---

*Satya M. Rai—Partition of the Punjab, 227 (Foot-note).

ਦੀ ਰਾਜਨੀਤਕ ਚੇਤਨਤਾ ਸਬੰਧੀ ਸੁਚੇਤ ਰਹਿੰਦਿਆਂ, ਕੇਂਦਰੀ ਨੇਤਾਵਾਂ ਨੇ ਅਕਾਲੀ ਵਿਧਾਇਕਾਂ ਦੀ ਚੋਖੀ ਸੰਖਿਆ ਨੂੰ ਉੱਚ-ਪਦਵੀਆਂ ਦੇ ਲੋਭ ਨਾਲ ਕਾਂਗਰਸ ਵਿਚ ਸ਼ਾਮਲ ਕਰ ਕੇ, ਮਾਸਟਰ ਤਾਰਾ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਬੇਅਸਰ ਬਣਾਉਣ ਦਾ ਮਾਰੂ ਯਤਨ ਕੀਤਾ। ਅਜਿਹੀ ਹਾਲਤ ਵਿਚ ਕੁਝ ਸਮੇਂ ਲਈ ਤਾਂ ਮਾਸਟਰ ਤਾਰਾ ਸਿੰਘ ਨੇ ਨਿਸੱਤਿਆਂ ਵਾਂਗ ਅਨੁਭਵ ਕੀਤਾ, ਪਰ ਉਸ ਦੀ ਅਜਿੱਤ ਜ਼ਮੀਰ ਨੇ ਦਾਬੇ ਹੇਠ ਆਉਣ ਤੋਂ ਨਾਂਹ ਕਰ ਦਿੱਤੀ। ਫ਼ਰਵਰੀ 1949 ਵਿਚ ਦਿੱਲੀ ਵਿਖੇ ਇਕ ਵੱਡੀ ਕਾਨਫ਼ਰੰਸ ਰਚ ਕੇ, ਮਾਸਟਰ ਤਾਰਾ ਸਿੰਘ ਨੇ ਸਰਕਾਰ ਦੀ ਸਿਖਾਂ ਪ੍ਰਤੀ ਨੀਤੀ ਵਿਰੁੱਧ ਰੋਸ ਪਰਗਟ ਕਰਨ ਦਾ ਉਪਰਾਲਾ ਕੀਤਾ। ਸਰਕਾਰ ਨੇ ਹਰ ਸੰਭਵ ਢੰਗ ਨਾਲ ਇਸ ਸਮਾਗਮ ਦੀ ਰਚਨਾ ਵਿਚ ਵਿਘਨ ਪਾਉਣ ਦਾ ਯਤਨ ਕੀਤਾ। ਪਰ ਮਾਸਟਰ ਤਾਰਾ ਸਿੰਘ ਨੂੰ ਕਾਨਫ਼ਰੰਸ ਕਰਨ ਤੋਂ ਵਰਜਿਆ ਨਾ ਜਾ ਸਕਿਆ। ਸਿੱਟੇ ਵਜੋਂ ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਪੰਜਾਬੋਂ ਬਾਹਰ ਉੱਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਰਖਿਆ ਗਿਆ। ਸਿੱਖ ਹੱਕਾਂ ਦੀ ਰਖਵਾਲੀ ਲਈ ਮਾਸਟਰ ਜੀ ਨੂੰ ਸੁਤੰਤਰ ਭਾਰਤ ਦੀ ਬੰਦੀ ਵਿਚ ਪੈਂਦਿਆਂ ਦੇਖ ਕੇ ਕਈ ਕਾਂਗ੍ਰਸੀ ਸਿੱਖਾਂ ਦਾ ਵੀ ਹਿਰਦਾ ਪਸੀਜ ਗਿਆ। ਪਟਿਆਲੇ ਦੇ ਗ੍ਰਹਿ ਮੰਤਰੀ ਸਰਦਾਰ ਰਘਬੀਰ ਸਿੰਘ ਜੀ ਅਲਮੋੜੇ ਜੇਲ੍ਹ ਵਿਚ ਉਸ ਨੂੰ ਜਾ ਕੇ ਮਿਲੇ ਤੇ ਉਨ੍ਹਾਂ ਮੰਨਿਆ ਕਿ "ਕਾਂਗਰਸ ਹਿੰਦੂ ਗ਼ਲਬਾ ਕਰ ਰਹੀ ਹੈ। ਕਾਂਗਰਸ ਨਾਲ ਲੜਨਾ ਚਾਹੀਦਾ ਹੈ ਤੇ ਹੁਣੇ ਲੜਨਾ ਚਾਹੀਦਾ ਹੈ। ਜੇ ਢਿੱਲ ਹੋ ਗਈ ਤਾਂ ਅਸੀਂ ਇਤਨੇ ਕਮਜ਼ੋਰ ਹੋ ਜਾਵਾਂਗੇ ਕਿ ਲੜਨ ਜੋਗੇ ਨਹੀਂ ਰਹਾਂਗੇ*।" ਇਸ ਮਿਲਣੀ ਨਾਲ ਮਾਸਟਰ ਤਾਰਾ ਸਿੰਘ ਨੂੰ ਨਵਾਂ ਉਤਸ਼ਾਹ ਤੇ ਜੋਸ਼ ਮਿਲਿਆ ਅਤੇ ਭਾਰਤ ਦੀ ਨਵੀਂ ਰਾਜਨੀਤਕ ਬਣਤਰ ਵਿਚ ਸਿੱਖਾਂ ਲਈ ਯੋਗ ਤੇ ਸਨਮਾਨਿਤ ਸਥਾਨ

*ਮਾਸਟਰ ਤਾਰਾ ਸਿੰਘ—ਮੇਰੀ ਯਾਦ (ਸੰਤ ਸਿਪਾਹੀ, ਮਈ 1951), 8.

ਪ੍ਰਾਪਤ ਕਰਨਾ ਉਸ ਨੇ ਆਪਣਾ ਟੀਚਾ ਮਿੱਥ ਲਿਆ। ਇਸੇ ਲਈ ਰਿਹਾਈ ਤੋਂ ਪਿਛੋਂ ਉਸ ਨੇ ਬਿਨਾਂ ਝਿਜਕ ਦੇ ਐਲਾਨ ਕੀਤਾ "ਸਾਡਾ ਸਭਿਆਚਾਰ ਹਿੰਦੂਆਂ ਨਾਲੋਂ ਅੱਡਰਾ ਹੈ। ਅਸੀਂ ਤਾਂ ਇਕ ਅਜਿਹਾ ਸੂਬਾ ਚਾਹੁੰਦੇ ਹਾਂ ਜਿਸ ਵਿਚ ਅਸੀਂ ਆਪਣੀਆਂ ਰਵਾਇਤਾਂ ਤੇ ਸਭਿਆਚਾਰ ਸੁਰੱਖਿਅਤ ਰੱਖ ਸਕੀਏ।"* ਆਪਣੀ ਇਸ ਮੰਗ ਦੀ ਵਿਆਖਿਆ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦਾ ਨਿਸ਼ਾਨਾ, ਸਿੱਖ ਪੰਥ ਲਈ ਸਮਾਜਕ, ਰਾਜਨੀਤਕ ਤੇ ਧਾਰਮਕ ਖੇਤਰਾਂ ਵਿਚ ਪੂਰਨ ਸਵਾਧੀਨਤਾ ਪ੍ਰਾਪਤ ਕਰਨਾ ਸੀ।

## ਦਲਿਤ ਸ਼੍ਰੇਣੀਆਂ ਲਈ ਬਰਾਬਰੀ ਦੇ ਹੱਕ—

ਜਦੋਂ ਭਾਰਤ ਦਾ ਨਵਾਂ ਵਿਧਾਨ ਬਣਾਉਣ ਸਬੰਧੀ ਕੇਂਦਰੀ ਅਸੈਂਬਲੀ ਵਿਚ ਵਿਚਾਰਾਂ ਹੋ ਰਹੀਆਂ ਸਨ ਤਾਂ ਮਾਸਟਰ ਤਾਰਾ ਸਿੰਘ ਨੇ ਕਾਂਗਰਸੀ ਨੇਤਾਵਾਂ ਤੋਂ ਮੰਗ ਕੀਤੀ ਕਿ ਸੁਤੰਤਰਤਾ-ਸੰਗਰਾਮ ਸਮੇਂ ਸਿੱਖਾਂ ਨਾਲ ਕੀਤੇ ਗਏ ਬਚਨਾਂ ਨੂੰ ਪੂਰਿਆਂ ਕਰਨ ਲਈ ਯੋਗ ਕਾਰਵਾਈ ਕੀਤੀ ਜਾਵੇ। ਇਸ ਸਮੇਂ ਸਿੱਖ ਹੱਕਾਂ ਸਬੰਧੀ ਮਾਸਟਰ ਤਾਰਾ ਸਿੰਘ ਨੇ ਇਤਨੀ ਜ਼ੋਰਦਾਰ ਚਰਚਾ ਚਲਾਈ ਕਿ ਪੰਡਤ ਜਵਾਹਰ ਲਾਲ, ਸਰਦਾਰ ਪਟੇਲ ਤੇ ਬਾਬੂ ਰਾਜਿੰਦਰ ਪ੍ਰਸ਼ਾਦ ਨੂੰ ਇਸ ਪਾਸੇ ਉਚੇਚਾ ਧਿਆਨ ਦੇਣਾ ਪਿਆ। ਰਾਸ਼ਟਰੀ ਪੱਧਰ ਤੇ ਸੋਚ-ਵਿਚਾਰ ਉਪਰੰਤ ਇਕ 'ਦਸ ਮੈਂਬਰੀ ਕਮੇਟੀ' ਬਣਾਈ ਗਈ, ਜਿਸ ਨੂੰ ਸਿੱਖਾਂ ਦੀ ਸਮੱਸਿਆ ਦੀ ਘੱਟ-ਗਿਣਤੀ ਕੌਮ ਵਜੋਂ ਜਾਂਚ ਕਰਨ ਲਈ ਕਿਹਾ ਗਿਆ। ਇਸ ਕਮੇਟੀ ਨੇ ਸਫ਼ਾਰਸ਼ ਕੀਤੀ ਕਿ ਪੰਜਾਬ ਰਾਜ ਦੀ ਅਸੈਂਬਲੀ ਤੇ ਕੇਂਦਰੀ ਪਾਰਲੀਮੈਂਟ ਵਿਚ ਸਿੱਖਾਂ ਲਈ ਰਾਖਵੀਆਂ ਸੀਟਾਂ ਦੀ ਵਿਉਂਤ ਬਣਾਈ ਜਾਵੇ। ਭਾਰਤ ਸਰਕਾਰ ਨੇ ਮੁਸਲਮਾਨ ਤੇ

*The Tribune, Ambala, dated 20–10–49.

ਸਿੱਖ ਘੱਟ-ਗਿਣਤੀ ਕੌਮਾਂ ਦੀ ਸਮੱਸਿਆ ਨੂੰ ਇਕੋ ਪੱਧਰ ਤੇ ਰੱਖਣ ਦੇ ਬਹਾਨੇ ਇਸ ਸਫ਼ਾਰਸ਼ ਨੂੰ ਰੱਦ ਕਰ ਦਿੱਤਾ, ਪਰ ਜਦੋਂ ਹਿੰਦੂ ਸ਼ਬਦ ਦੀ ਵਿਧਾਨ ਵਿਚ ਵਿਆਖਿਆ ਕਰਨ ਦਾ ਸਮਾਂ ਆਇਆ ਤਾਂ ਸਿੱਖਾਂ ਨੂੰ ਵੀ ਇਸੇ ਸ਼ਬਦ ਦੀ ਹੱਦ ਵਿਚ ਘੁਸੇੜ ਦਿੱਤਾ ਗਿਆ।* ਇਸ ਦੇ ਸਨਮੁਖ ਵਿਧਾਨ ਵਿਚ ਦਲਿੱਤ ਤੇ ਪੱਛੜੀਆਂ ਸ੍ਰੇਣੀਆਂ ਲਈ ਵਿਸ਼ੇਸ਼ ਰਿਆਇਤਾਂ ਸਬੰਧੀ ਧਰਾਵਾਂ ਅੰਕਤ ਕਰਦਿਆਂ ਇਹ ਗੱਲ ਸਪੱਸ਼ਟ ਕਰ ਦੇਣ ਦਾ ਫ਼ੈਸਲਾ ਹੋਇਆ ਕਿ ਪੱਛੜੀਆਂ ਸ੍ਰੇਣੀਆਂ ਵਾਲੀਆਂ ਸਹੂਲਤਾਂ ਦੀਆਂ ਹੱਕਦਾਰ ਕੇਵਲ ਉਨ੍ਹਾਂ ਜਾਤੀਆਂ ਦੇ ਲੋਕ ਹੀ ਹੋਣਗੇ ਜੋ ਆਪਣੇ ਆਪ ਨੂੰ ਹਿੰਦੂ ਦਰਸਾਉਣਗੇ। ਇਸ ਤਰ੍ਹਾਂ ਪੱਛੜੀਆਂ ਜਾਤੀਆਂ ਵਿਚੋਂ ਸਜੇ ਸਿੰਘਾਂ ਨੂੰ ਇਨ੍ਹਾਂ ਵਿਸ਼ੇਸ਼ ਰਿਆਇਤਾਂ ਤੋਂ ਵੰਚਤ ਕੀਤਾ ਜਾਣ ਲੱਗਾ। ਵਾਸਤਵ ਵਿਚ ਇਹ ਨਿਰਣਾ ਮਹਾਤਮਾ ਗਾਂਧੀ ਦੀ ਉਸ ਫ਼ਿਰਕੂ ਨੀਤੀ ਦਾ ਸਿਖਰ ਸੀ ਜਿਸ ਅਨੁਸਾਰ ਉਹ ਛੇ ਕਰੋੜ ਅਛੂਤ ਜਾਤੀਆਂ ਨੂੰ ਸਮਾਜਕ ਬਰਾਬਰੀ ਦੇਣ ਵਾਲੇ ਧਰਮਾਂ ਵਿਚ ਪਰਵੇਸ਼ ਕਰਨ ਤੋਂ ਰੋਕਣਾ ਚਾਹੁੰਦੇ ਸਨ। ਭਾਰਤ ਦੀ ਵੰਡ ਤੋਂ ਪਹਿਲੋਂ ਹੀ ਮਾਸਟਰ ਤਾਰਾ ਸਿੰਘ ਮਹਾਤਮਾ ਗਾਂਧੀ ਦੀ ਇਸ ਦੁਵੱਲੀ ਚਾਲ ਨੂੰ ਸਿੱਖਾਂ ਲਈ ਅਤਿ ਹਾਨੀਕਾਰਕ ਸਮਝਦਾ ਸੀ, ਕਿਉਂ ਜੁ ਹਿੰਦੂ ਸਮਾਜ ਈਸਾਈ ਅਤੇ ਮੁਸਲਮਾਨ ਬਣੇ ਹਿੰਦੂਆਂ ਨੂੰ ਤਾਂ ਮੁੜ ਸਵੀਕਾਰ ਨਹੀਂ ਕਰਦਾ, ਪਰ ਸਿੱਖਾਂ ਵਿਚੋਂ ਪਤਿਤ ਹੋਇਆਂ ਨੂੰ ਪਰਵਾਨ ਕਰਨ ਵਿਚ ਉਤਸ਼ਾਹ ਪ੍ਰਗਟਾਉਂਦਾ ਹੈ। ਕੇਵਲ ਹਿੰਦੂ ਪੱਛੜੀਆਂ ਸ੍ਰੇਣੀਆਂ ਨੂੰ ਨਿੱਗਰ ਆਰਥਕ ਸਹੂਲਤਾਂ ਮਿਲ ਜਾਣ ਨਾਲ ਸਿੱਖਾਂ ਦੀ ਜਨ-ਸੰਖਿਆ ਘਟ ਜਾਣ ਦਾ ਡਰ ਸੀ। ਇਸ ਅਵਸਰ ਤੇ ਮਾਸਟਰ ਤਾਰਾ ਸਿੰਘ ਨੇ ਮੰਗ ਕੀਤੀ ਕਿ ਦਲਿੱਤ ਜਾਤੀਆਂ ਨੂੰ ਵਿਸ਼ੇਸ਼ ਸਹੂਲਤਾਂ ਦੇਣ ਲਈ ਜਾਤੀਆਂ ਦੀ ਕੇਵਲ ਆਰਥਕ ਤੇ ਸਮਾਜਕ ਦਸ਼ਾ ਨੂੰ ਹੀ ਮੁਖ ਰੱਖਿਆ ਜਾਵੇ ਅਤੇ ਇਸ ਆਧਾਰ ਤੇ ਹਿੰਦੂ

*Constitution of India, Article, 25, Expl. II.

ਦਲਿਤ ਜਾਤੀਆਂ ਵਿਚੋਂ ਬਣੇ ਸਿੱਖਾਂ ਨੂੰ ਵੀ ਬਰਾਬਰ ਦੀਆਂ ਸਹੂਲਤਾਂ ਦਿੱਤੀਆਂ ਜਾਣ। ਜਦੋਂ ਕੇਂਦਰੀ ਅਧਿਕਾਰੀਆਂ ਨੇ ਇਸ ਪਾਸੇ ਧਿਆਨ ਦਿਵਾਏ ਜਾਣ ਤੇ ਵੀ ਬੇਰੁਖ਼ੀ ਵਾਲਾ ਰਵੱਈਆ ਅਪਣਾਇਆ ਤਾਂ ਮਾਸਟਰ ਤਾਰਾ ਸਿੰਘ ਨੇ ਆਪਣੀ ਇਹ ਮੰਗ ਮੰਨਵਾਉਣ ਲਈ ਮਰਨ ਵਰਤ ਰਖਣ ਦਾ ਨਿਸਚਾ ਕੀਤਾ। ਪੰਜਾਬ ਅਸੈਂਬਲੀ ਦੇ ਸਾਰੇ ਸਿੱਖ ਮੈਂਬਰਾਂ ਨੇ ਮਾਸਟਰ ਤਾਰਾ ਸਿੰਘ ਦੀ ਇਸ ਹੱਕੀ ਮੰਗ ਦੀ ਪ੍ਰੋੜ੍ਹਤਾ ਕੀਤੀ ਅਤੇ ਡਾਕਟਰ ਰਾਜਿੰਦਰ ਪ੍ਰਸਾਦ ਤੇ ਜਵਾਹਰ ਲਾਲ ਨੂੰ ਝੁਕਣਾ ਪਿਆ। ਫੇਰ ਵੀ ਦਲਿਤ ਸ਼੍ਰੇਣੀਆਂ ਦੇ ਸ਼ਡੂਲ ਤੇ ਸਹੂਲਤਾਂ ਦੇ ਵੇਰਵੇ ਦੀ ਤਿਆਰੀ ਵਿਚ ਸਿੱਖਾਂ ਨਾਲ ਧੱਕਾਸ਼ਾਹੀ ਕਰਨ ਦਾ ਯਤਨ ਕੀਤਾ ਜਾਂਦਾ ਰਿਹਾ। ਜਿਸ ਕਾਰਨ ਪੰਥ ਦੇ ਇਸ ਨਰੋਏ ਅੰਗ ਦੀ ਸੁਰੱਖਿਆ ਲਈ ਮਾਸਟਰ ਤਾਰਾ ਸਿੰਘ ਨੂੰ 1956 ਤੱਕ ਲਗਾਤਾਰ ਸੰਘਰਸ਼ ਕਰਨਾ ਪਿਆ*। ਅੰਤ ਕੇਂਦਰੀ ਸਰਕਾਰ ਨੇ ਦਲਿਤ ਸ਼੍ਰੇਣੀਆਂ ਵਿਚੋਂ ਬਣੇ ਸਿੱਖਾਂ ਨੂੰ ਬਰਾਬਰ ਸਹੂਲਤਾਂ ਦੇਣਾ ਮੰਨ ਲਿਆ। ਸੁਤੰਤਰ ਭਾਰਤ ਦੇ ਕੌਮੀ ਜੀਵਨ ਵਿਚ ਸਿੱਖਾਂ ਲਈ ਯੋਗ ਅਸਥਾਨ ਪ੍ਰਾਪਤ ਕਰਨ ਲਈ ਮਾਸਟਰ ਤਾਰਾ ਸਿੰਘ ਵੱਲੋਂ ਅਰੰਭੇ ਸੰਘਰਸ਼ ਵਿਚ ਇਹ ਮੁਢਲਾ ਪੜਾ ਤੇ ਪਹਿਲੀ ਜਿੱਤ ਸੀ†। ਪਰ ਇਸ ਸਮੇਂ ਤੱਕ ਮਾਸਟਰ ਤਾਰਾ ਸਿੰਘ ਰਾਜਨੀਤੀ ਵਿਚ ਕਈ ਉਤਾਰ ਚੜ੍ਹਾਵਾਂ ਵਿਚੋਂ ਲੰਘਦਾ ਹੋਇਆ, ਇਕ ਤਜਰਬੇਕਾਰ ਸੁਘੜ ਤੇ ਸੁਯੋਗ ਨੇਤਾ ਬਣ ਚੁੱਕਾ ਸੀ। ਇਸ ਲਈ ਛੋਟੀਆਂ ਛੋਟੀਆਂ ਸਫ਼ਲਤਾਵਾਂ ਉਸ ਨੂੰ ਅਵੇਸਲਿਆਂ ਨਹੀਂ ਬਣਾ ਸਕਦੀਆਂ ਸਨ।

## ਪੰਜਾਬੀ ਸੂਬੇ ਦੀ ਮੰਗ—

ਸੁਤੰਤਰਤਾ ਉਪਰੰਤ ਹਿੰਦੂ ਬਹੁ-ਗਿਣਤੀ ਲੋਕਾਂ ਵਿਚ ਪ੍ਰਾਚੀਨ

---

*ਵੇਰਵੇ ਲਈ ਦੇਖੋ : ਗਿਆਨੀ ਕਰਤਾਰ ਸਿੰਘ—ਪੰਥ ਨੇ ਸ਼ਡੂਲ ਜਾਤੀਆਂ ਬਾਰੇ ਮੋਰਚਾ ਜਿੱਤ ਲਿਆ (ਸੰਤ ਸਿਪਾਹੀ, ਮਈ 1956)

†G. C. Narang—Transformation of Sikhism, 202.

ਭਾਰਤੀ ਸੰਸਕ੍ਰਿਤੀ ਨੂੰ ਪੁਨਰ-ਸੁਰਜੀਤ ਕਰਨ ਦੀ ਲਾਲਸਾ ਪੈਦਾ ਹੋ ਗਈ। ਅੰਗਰੇਜ਼ੀ ਤੇ ਉਰਦੂ ਭਾਸ਼ਾਵਾਂ ਦੀ ਥਾਂ ਹਿੰਦੀ ਤੇ ਸੰਸਕ੍ਰਿਤ ਨੂੰ ਦਿੱਤੀ ਜਾਣ ਲੱਗੀ। ਪੰਜਾਬ ਦੇ ਸ਼ਹਿਰੀ ਹਿੰਦੂ ਨੇ ਆਰੀਆ ਸਮਾਜ, ਰਾਸ਼ਟਰੀਆ ਸਵਯਮ ਸੇਵਕ ਸੰਘ ਤੇ ਜਨਸੰਘ ਵਰਗੀਆਂ ਪਾਰਟੀਆਂ ਦੇ ਪ੍ਰਭਾਵ ਨੂੰ ਪਰਵਾਨ ਕਰ ਕੇ ਆਪਣੀ ਮਾਂ-ਬੋਲੀ ਪੰਜਾਬੀ ਨਾਲੋਂ ਹਿੰਦੀ ਨੂੰ ਉੱਤਮ ਥਾਂ ਦੇਣਾ ਚੰਗਾ ਜਾਣਿਆ*। ਮਾਸਟਰ ਤਾਰਾ ਸਿੰਘ ਨੇ ਇਨ੍ਹਾਂ ਹਾਲਾਤ ਨੂੰ ਚੰਗੀ ਤਰ੍ਹਾਂ ਘੋਖ ਲਿਆ। ਉਸ ਨੇ ਠੀਕ ਅਨੁਮਾਨ ਲਾਇਆ, "ਪੰਜਾਬੀ ਵਿਚ ਸਿੱਖ ਧਰਮ ਦੀਆਂ ਪੁਸਤਕਾਂ ਤੇ ਸਾਹਿੱਤ ਹੈ ਜੋ ਸਿੱਖਾਂ ਵਿਚ ਹਰ ਵੇਲੇ ਜੋਸ਼ ਭਰਦਾ ਹੈ। ਪੰਜਾਬੀ ਨੂੰ ਮੁਕਾਉਣਾ ਹਿੰਦੂਆਂ ਨੇ ਸਿੱਖੀ ਨੂੰ ਮੁਕਾਉਣ ਦਾ ਵੱਡਾ ਸਾਧਨ ਸਮਝ ਲਿਆ ਹੈ।"† ਹੁਣ ਮਾਸਟਰ ਤਾਰਾ ਸਿੰਘ ਨੂੰ ਇਹ ਦਿਸਣ ਲੱਗਾ ਕਿ ਸਿੱਖ ਪੰਥ ਦੀ ਸੁਰੱਖਿਆ ਤੇ ਸਲਾਮਤੀ ਇਸ ਗੱਲ ਵਿਚ ਹੀ ਹੈ ਕਿ ਅਜਿਹਾ ਸੂਬਾ ਬਣੇ ਜਿਸ ਵਿਚ ਰਾਜਨੀਤਕ ਪ੍ਰਬਲਤਾ ਸਿੱਖਾਂ ਦੀ ਹੋਵੇ ਤੇ ਉਸ ਦੀ ਰਾਜ-ਭਾਸ਼ਾ ਪੰਜਾਬੀ ਹੋਵੇ। ਆਪਣੀ ਇਸ ਮੰਗ ਨੂੰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦਾ ਨਾਂ ਦਿੱਤਾ। ਭਾਰਤ ਸਰਕਾਰ ਧਰਮ ਸਬੰਧੀ ਨਿਰਪੱਖ ਨੀਤੀ ਅਪਣਾਉਣ ਦੀ ਸਾਖੀ ਭਰਦੀ ਸੀ। ਇਸ ਲਈ ਮਾਸਟਰ ਤਾਰਾ ਸਿੰਘ ਦੀ ਸਿੱਖ ਬਹੁ-ਸੰਮਤੀ ਵਾਲੇ ਪ੍ਰਦੇਸ਼ ਦੀ ਮੰਗ ਨੂੰ ਫ਼ਿਰਕੂ ਕਹਿ ਕੇ ਤੁਰਤ ਹੀ ਰੱਦ ਕਰ ਦਿੱਤਾ ਗਿਆ। ਪਰ ਜਦੋਂ ਭਾਰਤ ਦੇ ਦੂਜੇ ਭਾਗਾਂ ਵਿਚ ਪ੍ਰਦੇਸ਼ਕ ਭਾਸ਼ਾਵਾਂ ਨੂੰ ਸਰਪ੍ਰਸਤੀ ਦਿੱਤੀ ਜਾ ਰਹੀ ਸੀ ਤਾਂ ਪੰਜਾਬੀ ਬੋਲੀ ਨੂੰ ਯੋਗ ਥਾਂ ਦੇਣ ਦੀ ਮੰਗ ਨੂੰ ਸਿੱਧੇ ਤੌਰ ਤੇ ਟਾਲਿਆ ਨਾ ਜਾ ਸਕਿਆ। ਇਸ ਤੇ ਪੰਜਾਬ ਦੇ ਹਿੰਦੂਆਂ ਨੇ ਪੰਜਾਬੀ ਦੀ ਲਿਪੀ ਸਬੰਧੀ ਚਰਚਾ ਚਲਾ ਦਿੱਤੀ ਅਤੇ ਗੁਰੂ ਸਾਹਿਬਾਨ ਦੇ ਨਾਂ ਨਾਲ ਸਬੰਧਤ ਗੁਰਮੁੱਖੀ ਅੱਖਰਾਂ ਨੂੰ ਪੰਜਾਬੀ ਬੋਲੀ ਦੀ ਇਕੋ ਇਕ

*Khushwant Singh—History of the Sikhs. Val.II, 293.
†Private Notes of Master Tara Singh.

ਲਿੱਪੀ ਮੰਨਣ ਤੋਂ ਨਾਂਹ ਕਰ ਦਿੱਤੀ। ਹਿੰਦੂਆਂ ਦੇ ਇਸ ਦ੍ਰਿਸ਼ਟੀਕੋਣ ਨੇ ਮਾਸਟਰ ਤਾਰਾ ਸਿੰਘ ਦੇ ਮਨ ਦੇ ਭਰਮਾਂ ਨੂੰ ਅਸਲੀਅਤ ਦਾ ਰੂਪ ਦੇ ਦਿੱਤਾ। ਇਸ ਪਰਤੱਖ ਧੱਕੇ ਦਾ ਟਾਕਰਾ ਕਰਨ ਲਈ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਅਕਾਲੀ ਦੱਲ ਵੱਲੋਂ ਜਲਸਿਆਂ, ਜਲੂਸਾਂ ਤੇ ਦੀਵਾਨਾਂ ਦੇ ਰੂਪ ਵਿਚ ਇਕ ਵੱਡੀ ਲਹਿਰ ਚਲਾ ਦਿੱਤੀ। ਥੋੜੇ ਹੀ ਸਮੇਂ ਵਿਚ ਸਰਕਾਰ ਨੂੰ ਪਤਾ ਲਗ ਗਿਆ ਕਿ ਮਾਸਟਰ ਤਾਰਾ ਸਿੰਘ ਦੀ ਰਾਜਨੀਤਕ ਦ੍ਰਿੜ੍ਹਤਾ ਤੇ ਸੱਚਾਈ ਅਗੇ, ਉਸ ਦੀਆਂ ਚਾਲਾਂ ਸਫ਼ਲ ਨਹੀਂ ਰਹਿ ਸਕਦੀਆਂ ਸਨ। ਸਿੱਖ ਜਨਤਾ ਦਾ ਰੌਅ ਵੇਖ ਕੇ ਕਾਂਗਰਸੀ ਸਿੱਖ ਵਿਧਾਇਕਾਂ ਨੂੰ ਵੀ ਮਾਸਟਰ ਤਾਰਾ ਸਿੰਘ ਦੀ ਮੰਗ ਨੂੰ ਸੱਚਿਆਂ ਮੰਨਣਾ ਪਿਆ। ਇਸ ਤੇ ਪੰਜਾਬ ਸਰਕਾਰ ਇਕ ਫ਼ਾਰਮੂਲੇ ਰਾਹੀਂ ਆਪਣੀ ਭਾਸ਼ਾ ਨੀਤੀ ਸਪੱਸ਼ਟ ਕਰਨ ਤੇ ਜ਼ਿੱਚ ਹੋ ਗਈ। ਇਸ ਫ਼ਾਰਮੂਲੇ ਨੂੰ ਸੱਚਰ ਫ਼ਾਰਮੂਲਾ ਕਿਹਾ ਜਾਂਦਾ ਹੈ*।

ਮਾਸਟਰ ਤਾਰਾ ਸਿੰਘ ਨੂੰ ਜਾਪਿਆ ਕਿ ਇਸ ਫ਼ਾਰਮੂਲੇ ਅਨੁਸਾਰ ਸਿੱਖ ਸਦਾ ਲਈ ਭਾਸ਼ਾਈ ਘੱਟ-ਗਿਣਤੀ ਬਣ ਕੇ ਰਹਿ

---

*ਇਹ ਫ਼ਾਰਮੂਲਾ, ਮੁੱਖ ਮੰਤਰੀ ਭੀਮਸੈਨ ਸੱਚਰ ਦੇ ਨਾ ਤੇ ਸੱਚਰ-ਫ਼ਾਰਮੂਲਾ ਕਰ ਕੇ ਪਰਸਿੱਧ ਹੋਇਆ। ਇਸ ਰਾਹੀਂ ਪੰਜਾਬ ਨੂੰ ਦੁਭਾਸ਼ੀ ਰਾਜ ਮੰਨ ਲਿਆ ਗਿਆ। ਇਹ ਵੀ ਮੰਨ ਲਿਆ ਗਿਆ ਕਿ ਪੰਜਾਬੀ ਦੀ ਲਿੱਪੀ 'ਗੁਰਮੁੱਖੀ' ਹੀ ਹੈ। ਪੰਜਾਬੀ ਇਲਾਕੇ ਵਿਚ ਮੁਢਲੀ ਸਿਖਿਆ ਦਾ ਮਾਧਿਅਮ ਪੰਜਾਬੀ ਨੂੰ ਹੀ ਬਣਾਉਣਾ ਪ੍ਰਵਾਨ ਕੀਤਾ ਗਿਆ। ਪਰ ਜਦੋਂ ਇਹ ਫ਼ਾਰਮੂਲਾ ਨਾਂ-ਮਾਤਰ ਪ੍ਰਵਾਨਗੀ ਲਈ ਰਾਸ਼ਟਰਪਤੀ ਕੋਲ ਗਿਆ ਤਾਂ ਡਾਕਟਰ ਰਾਜਿੰਦਰ ਪ੍ਰਸਾਦ ਨੇ ਦੋ ਵਾਧੂ ਧਾਰਾਵਾਂ ਆਪ ਲਿੱਖ ਦਿੱਤੀਆਂ। ਪਹਿਲੀ ਧਾਰਾ ਵਿਚ ਇਕ ਜਮਾਤ ਵਿਚ ਦੱਸ ਜਾਂ ਸਾਰੇ ਸਕੂਲ ਵਿਚ ਚਾਲੀ ਬੱਚਿਆਂ ਦੇ ਦੂਜੀ ਭਾਸ਼ਾ ਪੜ੍ਹਾਉਣ ਦੀ ਮੰਗ ਕਰਨ ਤੇ, ਉਸ ਭਾਸ਼ਾ ਦੀ ਪੜ੍ਹਾਈ ਦਾ ਪਰਬੰਧ ਕੀਤੇ ਜਾਣ ਦੀ ਵਿਵਸਥਾ ਸੀ। ਦੂਜੀ ਧਾਰਾ ਅਨੁਸਾਰ ਮਾਪਿਆਂ ਨੂੰ ਆਪਣੇ ਬੱਚੇ ਲਈ ਪੜ੍ਹਾਈ ਦਾ ਮਾਧਿਅਮ ਕੋਈ ਵੀ ਭਾਸ਼ਾ ਚੁਣ ਲੈਣ ਦੀ ਖੁਲ੍ਹ ਦੇ ਦਿੱਤੀ ਗਈ।

G. C. Narang—Transformation of Sikhism, 201.

ਜਾਣਗੇ ਅਤੇ ਪੰਜਾਬੀ ਸਰਕਾਰੀ ਬੋਲੀ ਵੀ ਨਹੀਂ ਬਣ ਸਕਦੀ ਸੀ। ਅਜਿਹਾ ਫ਼ੈਸਲਾ ਮਾਸਟਰ ਤਾਰਾ ਸਿੰਘ ਨੂੰ ਕਦੇ ਵੀ ਪਰਵਾਨ ਨਹੀਂ ਹੋ ਸਕਦਾ ਸੀ। ਸਗੋਂ ਉਸ ਨੂੰ ਹੁਣ ਚਾਨਣ ਹੋ ਗਿਆ ਕਿ "ਸਵਾਲ ਬੋਲੀ ਦਾ ਹੈ ਹੀ ਨਹੀਂ, ਸਵਾਲ ਤਾਂ ਹੈ ਮਜ਼ਹਬੀ ... ... ...। ਕਿਸ ਨੂੰ ਪਤਾ ਨਹੀਂ ਕਿ ਇਥੇ ਰਹਿਣ ਵਾਲੇ ਹਿੰਦੂ ਸਿੱਖਾਂ ਸਭ ਦੀ ਬੋਲੀ ਪੰਜਾਬੀ ਹੈ* ।" ਉਸ ਨੇ ਭਾਰਤੀ ਨੇਤਾਵਾਂ ਨੂੰ ਸਿੱਧੇ ਤੌਰ ਤੇ ਦੱਸ ਦਿੱਤਾ ਕਿ ਨਿੱਕੀਆਂ ਨਿੱਕੀਆਂ ਰਿਆਇਤਾਂ ਲੈ ਕੇ ਸਿੱਖ ਕਦੇ ਵੀ, ਦੂਜੇ ਪੱਧਰ ਵਾਲੇ ਅਧੀਨ ਸ਼ਹਿਰੀ ਵਾਲਾ ਜੀਵਨ ਪਰਵਾਨ ਕਰਨ ਲਈ ਤਿਆਰ ਨਹੀਂ ਸਨ। ਇਸ ਲਈ ਪੰਜਾਬੀ ਬੋਲਦੇ ਇਲਾਕੇ ਦਾ ਇਕੋ ਸੂਬਾ ਬਣਾ ਦਿੱਤਾ ਜਾਵੇ ਜਿਸ ਵਿਚ ਸਿੱਖਾਂ ਦੀ ਸਪੱਸ਼ਟ ਬਹੁ-ਗਿਣਤੀ ਹੋਵੇ। ਉਸ ਦੇ ਇਨ੍ਹਾਂ ਵਿਚਾਰਾਂ ਨੂੰ 'ਦੇਸ਼ ਧਰੋਹੀ', 'ਫ਼ਿਰਕੂ', ਤੇ ਪਿਛਾਂਹ-ਖਿੱਚੂ ਕਿਹਾ ਗਿਆ ਤੇ ਸਰਕਾਰੀ ਤੌਰ ਤੇ ਉਸ ਨੂੰ ਕਈ ਤਰ੍ਹਾਂ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ। ਪਰ ਮਾਸਟਰ ਤਾਰਾ ਸਿੰਘ ਆਪਣੀ ਧੁਨ ਦਾ ਪੱਕਾ ਸੀ। ਉੱਤਰ ਵਿਚ ਉਸ ਨੇ ਕਿਹਾ, "ਮੈਂ ਪੰਥ ਸਦਕਾ ਦੇਸ਼ ਤਾਂ ਛੱਡ ਸਕਦਾ ਹਾਂ ਪਰ ਦੇਸ਼ ਸਦਕਾ ਪੰਥ ਛਡਣ ਲਈ ਮੈਂ ਉੱਕਾ ਹੀ ਤਿਆਰ ਨਹੀਂ।"

## ਗੁਰਦੁਆਰਿਆਂ ਵਿਚ ਸਰਕਾਰੀ ਦਖ਼ਲ—

ਕਾਂਗਰਸੀ ਨੇਤਾ, ਮਾਸਟਰ ਤਾਰਾ ਸਿੰਘ ਦੀਆਂ ਇਨ੍ਹਾਂ ਨੀਤੀਆਂ ਤੋਂ ਤੰਗ ਆ ਗਏ। ਉਸ ਨੂੰ ਡਰਾਇਆ ਤਾਂ ਉੱਕਾ ਹੀ ਨਹੀਂ ਜਾ ਸਕਦਾ ਸੀ ਤੇ ਨਾ ਹੀ ਉਸ ਨੂੰ ਭਰਮਾਉਣ ਦੀ ਉਹ ਸੋਚ ਸਕਦੇ ਸਨ। ਅਖ਼ੀਰ ਸਰਕਾਰੀ ਵਸੀਲਿਆਂ ਤੇ ਦਬਾਵਾਂ ਨਾਲ ਸਿੱਖਾਂ ਵਿਚਕਾਰ ਮਾਸਟਰ ਤਾਰਾ ਸਿੰਘ ਦੇ ਰਸੂਖ਼ ਦਾ ਅੰਤ ਕਰਨ ਦੇ ਉਪਰਾਲੇ ਕੀਤੇ ਜਾਣ ਲਗੇ। ਸਰਕਾਰੀ ਹਲਕੇ ਮਾਸਟਰ ਤਾਰਾ ਸਿੰਘ

---

*Private Notes of Master Tara Singh.

ਦੀ ਰਾਜਨੀਤਕ ਸ਼ਕਤੀ ਤੇ ਸਿੱਖਾਂ ਵਿਚ ਉਸ ਦੀ ਸਰਬ-ਪ੍ਰਿਯਤਾ ਦਾ ਕਾਰਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੀ ਸਮਝਦੇ ਸਨ। ਇਸ ਲਈ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਦਖ਼ਲ ਦੇ ਕੇ ਸਿੱਖ ਜਨਤਾ ਨੂੰ ਭੈ-ਭੀਤ ਕਰਨ ਤੇ ਮਾਸਟਰ ਤਾਰਾ ਸਿੰਘ ਦੀ ਰਾਜਨੀਤੀ ਨੂੰ ਫੋਕੀ ਸਿੱਧ ਕਰਨ ਦਾ ਯਤਨ ਕੀਤਾ। ਅੰਗਰੇਜ਼ਾਂ ਦੇ ਸਮੇਂ ਦੀ ਮੰਨੀ-ਪ੍ਰਮੰਨੀ ਰੀਤੀ ਨੂੰ ਲਾਂਭੇ ਰੱਖ ਕੇ, 1953 ਈਸਵੀ ਵਿਚ ਸ਼੍ਰੋਮਣੀ ਕਮੇਟੀ ਦੀ ਸਲਾਹ ਲੈਣ ਤੋਂ ਬਿਨਾਂ ਹੀ ਗੁਰਦੁਆਰਾ ਐਕਟ ਵਿਚ ਤਰਮੀਮ ਕਰ ਦਿੱਤੀ ਗਈ। ਇਸੇ ਆਪ-ਹੁਦਰੀ ਨਾਲ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਮੈਂਬਰ ਵੀ ਨੀਯਤ ਕੀਤੇ ਜਾਣ ਲਗੇ। ਅੰਤ ਸਰਕਾਰੀ ਪਾਰਟੀ, ਕਾਂਗਰਸ, ਸ਼੍ਰੋਮਣੀ ਕਮੇਟੀ ਦੇ ਚੋਖੇ ਮੈਂਬਰਾਂ ਨੂੰ ਭਰਮਾਉਣ ਵਿਚ ਸਫ਼ਲ ਹੋ ਗਈ। ਇਸ ਤਰ੍ਹਾਂ ਸਰਕਾਰ ਨੇ ਗੁਰਦੁਆਰਾ ਪਰਬੰਧ ਵਿਚੋਂ ਮਾਸਟਰ ਤਾਰਾ ਸਿੰਘ ਦੀ ਸਰਦਾਰੀ ਦਾ ਅੰਤ ਕਰ ਕੇ, ਉਸ ਨੂੰ ਰਾਜਨੀਤਕ ਖੇਤਰ ਵਿਚ ਲਾਚਾਰ ਬਣਾਉਣਾ ਚਾਹਿਆ। ਪਰ ਮਾਸਟਰ ਤਾਰਾ ਸਿੰਘ ਨੇ ਤਾਂ ਜੀਵਨ ਦਾ ਇਹ ਅਸੂਲ ਅਪਣਾਇਆ ਸੀ ਕਿ "ਹਾਰਦਾ ਉਹ ਹੈ, ਜੋ ਹਾਰ ਮੰਨ ਲਵੇ, ਜੋ ਨਾ ਮੰਨੇ ਉਹ ਜਾਂ ਜਿੱਤਦਾ ਹੈ ਜਾਂ ਮਰਦਾ ਹੈ*।" ਉਹ ਆਪਣੇ ਰਾਜਨੀਤਕ ਪ੍ਰੋਗਰਾਮਾਂ ਸਬੰਧੀ ਅਹਿੱਲ ਰਿਹਾ। ਅਕਾਲੀ ਕਾਨਫ਼ਰੰਸਾਂ ਤੇ ਜਲੂਸਾਂ ਰਾਹੀਂ ਉਸ ਨੇ ਪੰਜਾਬੀ ਸੂਬੇ ਦੀ ਮੰਗ ਦਾ ਇਤਨਾ ਜ਼ੋਰਦਾਰ ਪਰਚਾਰ ਕੀਤਾ ਕਿ ਸਮੁੱਚੀ ਕੌਮ ਨੇ ਇਸ ਮੰਗ ਦੀ ਪ੍ਰਵਾਨਗੀ ਨੂੰ ਆਪਣੇ ਸਵੈਮਾਣ ਨਾਲ ਜੋੜ ਲਿਆ। ਸਿੱਟੇ ਵਜੋਂ ਜਵਾਹਰ ਲਾਲ ਨਹਿਰੂ ਖਿੱਝ ਗਏ। ਆਪਣੀ ਲੋਕ-ਪ੍ਰਿਯਤਾ ਦਾ ਚੋਖਾ ਅਨੁਮਾਨ ਲਾ ਕੇ ਉਨ੍ਹਾਂ ਨੇ ਮਹਾਰਾਜਾ ਪਟਿਆਲੇ ਨਾਲ ਗੁਰਦੁਆਰਾ ਫ਼ਤਹ ਗੜ੍ਹ ਸਾਹਿਬ (ਸਰਹਿੰਦ) ਵਿਖੇ ਜਾ ਕੇ ਸਿੱਖਾਂ ਦੇ ਲੜਿੱਕੇ ਨੇਤਾ ਦਾ ਵਿਰੋਧ ਕਰਨ ਦਾ ਹੀਆ ਕੀਤਾ। ਮਾਸਟਰ

---

*Private Notes of Master Tara Singh.

ਤਾਰਾ ਸਿੰਘ ਪ੍ਰਧਾਨ ਮੰਤਰੀ ਵੱਲੋਂ ਗੁਰਦੁਆਰੇ ਵਿਚ ਆ ਕੇ ਸਿੱਖ ਰਾਜਨੀਤੀ ਸਬੰਧੀ ਵਿਚਾਰ ਪਰਗਟ ਕਰਨੇ, ਸਿੱਧੇ ਤੌਰ ਤੇ ਗੁਰਦੁਆਰਿਆਂ ਵਿਚ ਸਰਕਾਰੀ ਦਖ਼ਲ ਸਮਝਦਾ ਸੀ। ਉਹ ਆਪ ਫ਼ਤਹਗੜ੍ਹ ਸਾਹਿਬ ਪੁਜਿਆ ਅਤੇ ਉਥੇ ਸੰਗਤਾਂ ਸਮੇਤ ਜਵਾਹਰ ਲਾਲ ਵਿਰੁੱਧ ਇਤਨਾ ਵੱਡਾ ਮੁਜ਼ਾਹਿਰਾ ਕੀਤਾ ਕਿ ਪ੍ਰਧਾਨ ਮੰਤਰੀ ਨੂੰ ਠਿੱਠ ਹੋ ਕੇ ਵਾਪਸ ਮੁੜਨਾ ਪਿਆ। ਭਾਰਤ ਦੇ ਇਤਿਹਾਸ ਵਿਚ ਪੰਡਤ ਨਹਿਰੂ ਵਿਰੁੱਧ ਇਹ ਪਹਿਲਾ ਤੇ ਇਤਨਾ ਜ਼ਬਰਦਸਤ ਵਿਖਾਵਾ ਸੀ ਕਿ ਇਸ ਦੀ ਚਰਚਾ ਸਾਰੇ ਸੰਸਾਰ ਦੀਆਂ ਅਖ਼ਬਾਰਾਂ ਵਿਚ ਹੋਈ। ਇਸ ਵਿਖਾਵੇ ਨੇ ਮਾਸਟਰ ਤਾਰਾ ਸਿੰਘ ਨੂੰ ਨਵਾਂ ਉਤਸ਼ਾਹ ਦਿੱਤਾ ਅਤੇ ਆਉਂਦੇ ਹੀ ਸਾਲ 1954 ਈਸਵੀ ਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਾਰੀ ਸਿੱਖ ਕੌਮ ਨੇ ਉਸ ਦੀ ਅਗਵਾਈ ਨੂੰ ਸਿਰ ਮੱਥੇ ਤੇ ਮੰਨਿਆ।

## ਰਿਜੀਨਲ ਫ਼ਾਰਮੂਲਾ—

ਪੰਜਾਬੀ ਸੂਬੇ ਦੀ ਮੰਗ ਦੇ ਹੱਕ ਵਿਚ ਸਮੁੱਚੀ ਕੌਮ ਦਾ ਫ਼ਤਵਾ ਲੈ ਕੇ ਮਾਸਟਰ ਤਾਰਾ ਸਿੰਘ ਨੇ ਪੰਡਤ ਨਹਿਰੂ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਨੇ ਅਜੇ 1946 ਈਸਵੀ ਵਿਚ ਹੀ ਸਿੱਖਾਂ ਨੂੰ ਇਕ ਨੀਮ-ਖ਼ੁਦਮੁਖ਼ਤਾਰ ਸੂਬਾ ਦੇਣ ਦਾ ਬਚਨ ਕੀਤਾ ਸੀ, ਪਰ ਹੁਣ ਉਹ ਭਾਸ਼ਾ ਦੇ ਆਧਾਰ ਤੇ ਵੀ ਸਿੱਖ ਬਹੁ-ਗਿਣਤੀ ਵਾਲਾ ਸੂਬਾ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ। ਇਹ ਸਿੱਖਾਂ ਦੀ ਕੌਮ ਪ੍ਰਤੀ ਬੇਪਰਤੀਤੀ ਵਾਲਾ ਰਵੱਈਆ ਸੀ। ਇਹ ਵਿਚਾਰ ਮਾਸਟਰ ਤਾਰਾ ਸਿੰਘ ਨੇ ਰਾਜਾਂ ਦੇ ਪੁਨਰ-ਗਠਨ ਲਈ ਬਣੇ ਕਮਿਸ਼ਨ ਦੇ ਸਾਹਮਣੇ ਵੀ ਰਖਿਆ ਸੀ*। ਭਾਰਤ ਦੀ ਲੋਕ-ਰਾਜੀ ਸਰਕਾਰ ਦੇ ਮੁਖੀਆਂ ਨੇ ਸਿੱਖਾਂ ਅਤੇ ਉਨ੍ਹਾਂ ਦੇ ਨੇਤਾ ਦੇ ਭਰਮਾਂ ਤੇ ਭਾਵਨਾਵਾਂ ਨੂੰ ਸਮਝਣ ਦੀ

---

*Satya M. Rai—Partition of the Punjab, 230-31

ਥਾਂ ਅੰਗਰੇਜ਼ ਸਾਮਰਾਜੀਆਂ ਵਾਂਗ ਸਿੱਖਾਂ ਵਿਰੁੱਧ ਦਬਾਊ ਨੀਤੀ ਅਪਣਾ ਲਈ ਤੇ ਨਵੰਬਰ 1955 ਵਿਚ ਪੰਜਾਬੀ ਸੂਬੇ ਦੀ ਮੰਗ ਸਬੰਧੀ ਪ੍ਰਦਰਸ਼ਨਾਂ ਤੇ ਨਾਅਰਿਆਂ ਉੱਪਰ ਰੋਕ ਲਾ ਦਿੱਤੀ ਗਈ। ਅਸਲ ਵਿਚ ਸਰਕਾਰ ਦੋ-ਟੁਕ ਲੜਾਈ ਲਈ ਤੁੱਲ ਗਈ ਸੀ। ਪੰਜਾਬ ਦੇ ਮੁਖ ਮੰਤਰੀ ਭੀਮਸੈਨ ਸੱਚਰ ਨੇ ਐਲਾਨ ਕੀਤਾ ਕਿ ਮਾਸਟਰ ਤਾਰਾ ਸਿੰਘ ਦੀ ਮੰਗ, ਅਸਲ ਵਿਚ ਸਿੱਖ ਸਟੇਟ ਦੀ ਮੰਗ ਸੀ। ਅਜਿਹੀ ਮੰਗ ਰਾਸ਼ਟਰੀ ਹਿਤਾਂ ਦੇ ਵਿਰੁੱਧ ਹੋਣ ਕਰਕੇ ਪਰਵਾਨ ਨਹੀਂ ਕੀਤੀ ਜਾ ਸਕਦੀ ਸੀ। ਇਸ ਤੇ ਮਾਸਟਰ ਤਾਰਾ ਸਿੰਘ ਨੇ ਝਿਜਕ ਤੋਂ ਬਿਨਾਂ ਮੋਰਚਾ ਲਾ ਦਿਤਾ। ਮਾਸਟਰ ਤਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲੜਿੱਕੇ ਨੇਤਾ ਦੇ ਪਿਛੇ ਸਿੰਘਾਂ ਨੇ ਵੀ ਜੇਲ੍ਹਾਂ ਨੂੰ ਵਹੀਰਾਂ ਘਤ ਦਿੱਤੀਆਂ। 15000 ਤੋਂ ਵਧੀਕ ਸਿੱਖਾਂ ਨੂੰ ਬੰਦੀ ਵਿਚ ਸੁੱਟ ਕੇ ਸਰਕਾਰ ਥੱਕ ਗਈ ਅਤੇ ਪੰਜਾਬੀ ਸੂਬੇ ਦੇ ਨਾਅਰੇ ਤੋਂ ਪਾਬੰਦੀ ਹਟਾ ਲਈ ਗਈ। ਮਾਸਟਰ ਤਾਰਾ ਸਿੰਘ, ਦ੍ਰਿੜ੍ਹਤਾ ਦੀ ਪਰਖ ਵਿਚ ਇਕ ਵੇਰ ਫਿਰ ਪੂਰਾ ਉਤਰਿਆ। ਉਸ ਨੇ ਜੇਲ੍ਹੋਂ ਬਾਹਰ ਆਉਂਦਿਆਂ ਹੀ ਰਾਜਾਂ ਦੇ ਪੁਨਰ ਗਠਨ ਕਮਿਸ਼ਨ ਦੀ ਰੀਪੋਰਟ ਦੀ ਕਰੜੀ ਅਲੋਚਨਾ ਕੀਤੀ ਤੇ ਮੰਜੀ ਸਾਹਿਬ (ਅੰਮ੍ਰਿਤਸਰ) ਦੇ ਦੀਵਾਨ ਵਿਚ ਐਲਾਨ ਕੀਤਾ ਕਿ ਸਿੱਖ ਅਜਿਹੀ ਰੀਪੋਰਟ ਕਦਾਚਿਤ ਨਹੀਂ ਪਰਵਾਨ ਕਰ ਸਕਦੇ, ਜਿਸ ਨੇ ਉਨ੍ਹਾਂ ਨੂੰ ਸਦਾ ਲਈ ਫ਼ਿਰਕਾ-ਪ੍ਰਸਤਾਂ ਦੇ ਰਹਿਮ ਤੇ ਸੁਟਣ ਦੀ ਸਿਫ਼ਾਰਸ਼ ਕੀਤੀ ਸੀ। ਹਾਲਾਤ ਦੀ ਰੌਅ ਤੋਂ ਮਜਬੂਰ ਹੋ ਕੇ ਜਵਾਹਰ ਲਾਲ ਨੇ ਮਾਸਟਰ ਤਾਰਾ ਸਿੰਘ ਨੂੰ ਗੱਲਬਾਤ ਦਾ ਸੱਦਾ ਦਿੱਤਾ। ਗੱਲਬਾਤ ਅਜੇ ਚਲ ਹੀ ਰਹੀ ਸੀ ਕਿ ਫ਼ਰਵਰੀ 1956 ਵਿਚ ਅੰਮ੍ਰਿਤਸਰ ਵਿਖੇ ਕਾਂਗਰਸ ਦਾ ਸੈਸ਼ਨ ਹੋਣਾ ਨੀਯਤ ਹੋਇਆ। ਇਸ ਅਵਸਰ ਤੇ ਦਸਵੀਂ ਅਕਾਲੀ ਕਾਨਫ਼ਰੰਸ ਰੱਖ ਦਿਤੀ ਗਈ। ਮਾ: ਤਾਰਾ ਸਿੰਘ ਇਸ ਕਾਨਫ਼ਰੰਸ ਦੇ ਪ੍ਰਧਾਨ ਸਨ। ਪੰਜਾਬ ਤੇ ਹੋਰ ਰਾਜਾਂ ਦੇ ਸਿੱਖ ਲੱਖਾਂ ਦੀ ਗਿਣਤੀ ਵਿਚ ਮਾ: ਤਾਰਾ ਸਿੰਘ ਦੇ ਜਲੂਸ

ਵਿਚ ਸ਼ਾਮਲ ਹੋਏ। ਮਾਸਟਰ ਤਾਰਾ ਸਿੰਘ ਦੀ ਸਿੱਖਾਂ ਵਿਚਲੀ ਇਸ ਮਾਨਤਾ ਦੇ ਦ੍ਰਿਸ਼ ਨੇ ਕੇਂਦਰੀ ਕਾਂਗਰਸੀ ਨੇਤਾਵਾਂ ਨੂੰ ਚੁੰਧਿਆ ਦਿੱਤਾ। ਪੰਜਾਬੀ ਸੂਬੇ ਤੋਂ ਛੁੱਟ ਸਿੱਖਾਂ ਦੀ ਕੋਈ ਵੀ ਜਾਇਜ਼ ਮੰਗ ਮੰਨਣ ਲਈ ਹੱਠੀ ਪੰਡਤ ਨਹਿਰੂ ਹੁਣ ਤੱਤਪਰ ਹੋ ਗਏ। ਸਿਆਣੇ ਨੀਤੀਵਾਨ ਵਾਂਗ, ਮਾਸਟਰ ਤਾਰਾ ਸਿੰਘ ਨੇ ਸਮਝੌਤਾ ਕਰ ਕੇ ਕਾਂਗਰਸੀ ਨੇਤਾਵਾਂ ਦੀ ਸਿੱਖਾਂ ਪ੍ਰਤੀ ਦਿਆਨਤਦਾਰੀ ਨੂੰ ਇਕ ਵਾਰੀ ਫੇਰ ਪਰਖਣਾ ਹੀ ਠੀਕ ਸਮਝਿਆ। ਕਾਂਗਰਸ ਵੱਲੋਂ ਮਾਸਟਰ ਤਾਰਾ ਸਿੰਘ ਅਤੇ ਅਕਾਲੀ ਦੱਲ ਦੀਆਂ ਅਖਾਉਤੀ ਫ਼ਿਰਕੂ ਨੀਤੀਆਂ ਵਿਰੁੱਧ ਭੰਡੀ ਪਰਚਾਰ ਦੀ ਦ੍ਰਿਸ਼ਟੀ ਵਿਚ ਇਹ ਠੀਕ ਕਦਮ ਸੀ। ਇਸ ਗੱਲ-ਬਾਤ ਨਾਲ ਮਾਸਟਰ ਤਾਰਾ ਸਿੰਘ ਨੇ ਪੰਥ ਦੀਆਂ ਹੋਰ ਵਿਚਾਰਾਂ ਵਾਲੀਆਂ ਪਾਰਟੀਆਂ ਨੂੰ ਵੀ ਸਬੰਧਤ ਕਰ ਲਿਆ ਤੇ ਅਸਿੱਧੇ ਤੌਰ ਤੇ ਪੰਡਤ ਨਹਿਰੂ ਨੂੰ ਇਸ਼ਾਰਾ ਦੇ ਦਿੱਤਾ ਕਿ ਇਹ ਸਮਝੌਤਾ ਅਸਲ ਵਿਚ ਸਮੁੱਚੀ ਸਿੱਖ ਕੌਮ ਨਾਲ ਹੀ ਹੋਵੇਗਾ ਅਤੇ ਸਿੱਖਾਂ ਵੱਲੋਂ ਕਾਂਗਰਸੀ ਸਰਕਾਰ ਦੀ ਨਿਰਪੱਖ ਧਾਰਮਕ ਨੀਤੀ ਦੀ ਇਹ ਅੰਤਲੀ ਪਰਖ ਸੀ। ਸਿੱਟੇ ਵਜੋਂ ਰੀਜਨਲ ਫ਼ਾਰਮੂਲਾ ਬਣਿਆ* । ਮਾਸਟਰ ਤਾਰਾ ਸਿੰਘ

---

*ਰੀਜਨਲ ਫ਼ਾਰਮੂਲੇ ਦੀ ਸਕੀਮ ਸਕਾਟਿਸ਼ ਕਨਵੈਨਸ਼ਨ (Scottish Convention ਜਿਸ ਰਾਹੀਂ ਇੰਗਲੈਂਡ ਨੇ ਸਕਾਟਲੈਂਡ ਦੇ ਲੋਕਾਂ ਨੂੰ ਵਿਸ਼ੇਸ਼ ਹੱਕ ਦਿੱਤੇ ਸਨ) ਦੇ ਅਧਾਰ ਤੇ ਬਣੀ। ਇਸ ਦੀਆਂ ਚੌਦਾਂ ਧਾਰਾਵਾ ਸਨ। ਇਸ ਫ਼ਾਰਮੂਲੇ ਅਧੀਨ ਪੰਜਾਬ ਵਿਧਾਨ ਸਭਾ ਦੀਆਂ, ਹਿੰਦੀ ਤੇ ਪੰਜਾਬੀ ਖੇਤਰਾਂ ਲਈ, ਦੋ ਇਲਾਕਾਈ ਕਮੇਟੀਆਂ ਬਣਾ ਦਿੱਤੀਆਂ ਗਈਆਂ, ਇਨ੍ਹਾਂ ਕਮੇਟੀਆਂ ਨੂੰ ਫ਼ਾਰਮੂਲੇ ਵਿਚ ਵਰਣਨ ਕੀਤੇ 14 ਵਿਭਾਗਾਂ ਦੇ ਪਰਬੰਧ ਤੇ ਕਾਨੂੰਨ ਬਣਾਉਣ ਸਬੰਧੀ ਪੰਜਾਬ ਸਰਕਾਰ ਨੂੰ ਸਲਾਹ ਦੇਣ ਦਾ ਹੱਕ ਸੀ। ਇਨ੍ਹਾਂ ਵਿਭਾਗਾ ਵਿਚ ਆਰਥਕ ਵਿਕਾਸ ਤੇ ਜਨ ਕਲਿਆਨ ਦੇ ਵਿਭਾਗ ਸ਼ਾਮਲ ਸਨ। ਇਸ ਵਿਚ ਭਾਸ਼ਾਈ ਘੱਟ ਗਿਣਤੀ ਦੇ ਮਾਮਲਿਆਂ ਦੀ ਨਿਗਰਾਨੀ ਲਈ ਇਕ ਅਫ਼ਸਰ ਨੀਯਤ ਕਰਨ ਦੀ ਵੀ ਵਿਵਸਥਾ ਸੀ। ਫ਼ਾਰਮੂਲੇ ਦੀਆਂ ਅੰਤਲੀਆਂ ਧਾਰਾਵਾ ਵਿਚ ਹਿੰਦੀ ਤੇ ਪੰਜਾਬੀ ਦੇ ਵਿਕਾਸ ਲਈ ਨਵੇਂ ਵਿਭਾਗ ਕਾਇਮ ਕਰਨ ਦੀ ਸ਼ਰਤ ਵੀ ਸੀ।

ਦੇ ਵਿਚਾਰ ਅਨੁਸਾਰ ਰਿਜੀਨਲ ਫ਼ਾਰਮੂਲੇ ਦੀ ਸਭ ਤੋਂ ਵੱਡੀ ਊਣਤਾਈ ਇਹ ਸੀ ਕਿ ਇਸ ਵਿਚ ਸਿੱਖਾਂ ਨੂੰ ਕੇਵਲ ਇਕ ਭਾਸ਼ਾਈ ਘੱਟ-ਗਿਣਤੀ ਕੌਮ ਮੰਨਣ ਵੱਲ ਹੀ ਇਸ਼ਾਰਾ ਸੀ। ਉਨ੍ਹਾਂ ਨੂੰ ਧਾਰਮਿਕ ਘੱਟ-ਗਿਣਤੀ ਕੌਮ ਨਹੀਂ ਪਰਵਾਨ ਕੀਤਾ ਗਿਆ ਸੀ। ਇਸੇ ਲਈ ਰਿਜੀਨਲ ਫ਼ਾਰਮੂਲੇ ਦੇ ਪ੍ਰਕਾਸ਼ਤ ਹੋਣ ਤੇ ਟਿਪਣੀ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਕਿਹਾ ਸੀ ਕਿ ਮੈਨੂੰ ਪਤਾ ਹੈ ਕਿ ਰਿਜੀਨਲ ਫ਼ਾਰਮੂਲਾ ਪੰਜਾਬੀ ਸੂਬੇ ਦੀ ਮੰਗ ਦੇ ਤੁੱਲ ਨਹੀਂ। ਜੇ ਇਸ ਫ਼ਾਰਮੂਲੇ ਉੱਪਰ ਸੰਤੋਸ਼-ਜਨਕ ਢੰਗ ਨਾਲ ਅਮਲ ਨਾ ਕੀਤਾ ਗਿਆ ਤਾਂ ਸ਼੍ਰੋਮਣੀ ਅਕਾਲੀ ਦੱਲ ਆਪਣੀ ਪੰਜਾਬੀ ਸੂਬੇ ਦੀ ਮੰਗ ਨੂੰ ਫੇਰ ਦੁਹਰਾਵੇਗਾ*। ਇਸ ਰਾਜਨੀਤਕ ਫ਼ੈਸਲੇ ਦੇ ਫਲ ਸਰੂਪ ਅਕਾਲੀ ਦੱਲ ਤੇ ਕਾਂਗਰਸ ਵਿਚਕਾਰ ਪਾਰਟੀ-ਪੱਧਰ ਤੇ ਵੀ ਸਮਝੌਤਾ ਹੋਇਆ। ਆਪਣੇ ਚੋਖੇ ਸਾਥੀਆਂ ਦੇ ਜ਼ੋਰ ਦੇਣ ਤੇ ਵੀ ਮਾਸਟਰ ਤਾਰਾ ਸਿੰਘ ਨੇ ਇਸ ਸਮੇਂ ਨਾ ਤਾਂ ਅਕਾਲੀ ਦੱਲ ਨੂੰ ਕਾਂਗਰਸ ਵਿਚ ਰਲਾਉਣਾ ਮੰਨਿਆ ਅਤੇ ਨਾ ਹੀ ਉਹ ਆਪ ਕਾਂਗਰਸ ਦਾ ਮੈਂਬਰ ਬਣਿਆ†। ਉਸ ਦਾ ਅਜੇ ਵੀ ਦ੍ਰਿੜ੍ਹ ਵਿਸ਼ਵਾਸ ਸੀ ਕਿ ਭਾਰਤ ਦੇ ਅਨੇਕ-ਧਰਮੀ ਰਾਸ਼ਟਰੀ ਜੀਵਨ ਵਿਚ ਸਿੱਖਾਂ ਦੀ ਅੱਡਰੀ ਰਾਜਨੀਤਕ ਹੋਂਦ ਜ਼ਰੂਰੀ ਸੀ।

## ਅੰਤਮ ਸੰਘਰਸ਼–

ਰਿਜੀਨਲ ਫ਼ਾਰਮੂਲੇ ਉਪਰ ਨਾ ਤਾਂ ਪੰਜਾਬ ਸਰਕਾਰ ਨੇ ਕੋਈ ਕਾਰਵਾਈ ਕੀਤੀ ਅਤੇ ਨਾ ਹੀ ਕੇਂਦਰ ਨੇ ਇਸ ਫ਼ਾਰਮੂਲੇ ਨੂੰ ਵਰਤੋਂ ਵਿਚ ਲਿਆਉਣ ਲਈ ਜ਼ੋਰ ਦਿੱਤਾ। ਮਾਸਟਰ ਤਾਰਾ ਸਿੰਘ ਨੇ ਕੇਂਦਰੀ ਸਰਕਾਰ ਦੇ ਇਸ ਰਵੱਈਏ ਨੂੰ ਰਾਜਨੀਤਕ ਬੇਈਮਾਨੀ

---

*Baldev Raj Nayyar—Minority Politics in the Panjab, 225.

†Statesman, New Delhi, dated 23-11-67, 14.

ਦਰਸਾਇਆ ਅਤੇ ਆਪਣੀ ਪੰਜਾਬੀ ਸੂਬੇ ਦੀ ਮੰਗ ਨੂੰ ਫੇਰ ਦੁਹਰਾਇਆ। 1957 ਦੀਆਂ ਆਮ ਚੋਣਾਂ ਤੇ 1960 ਦੀਆਂ ਗੁਰਦੁਆਰਾ ਚੋਣਾਂ ਵਿਚ ਮੁੜ ਸਾਰੀ ਸਿੱਖ ਕੌਮ ਨੇ ਮਾਸਟਰ ਤਾਰਾ ਸਿੰਘ ਦੀਆਂ ਨੀਤੀਆਂ ਦੀ ਪੁਸ਼ਟੀ ਕੀਤੀ। ਨਵੇਂ ਉਤਸ਼ਾਹ ਤੇ ਭਰੋਸੇ ਨਾਲ 1960 ਈਸਵੀ ਵਿਚ ਮਾਸਟਰ ਤਾਰਾ ਸਿੰਘ ਨੇ ਨਿਰਣੇਈ ਘੋਲ ਦੇ ਅਰੰਭ ਲਈ ਦਮਾਮਾ ਵਜਾ ਦਿੱਤਾ। ਸੁਤੰਤਰ ਭਾਰਤ ਵਿਚ ਸਿੱਖਾਂ ਦੀ (ਆਪਣੀ ਹੀ) ਸਰਕਾਰ ਵਿਰੁੱਧ ਇਹ ਚੋਖੀ ਲੰਮੀ ਤੇ ਭਿਆਨਕ ਲੜਾਈ ਸੀ। ਮਈ 1960 ਵਿਚ ਮਾਸਟਰ ਤਾਰਾ ਸਿੰਘ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਕੇ, ਧਰਮਸਾਲਾ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਨੇਤਾ ਦੇ ਜੇਲ੍ਹ ਵਿਚ ਸੁਟੇ ਜਾਣ ਦੀ ਢਿਲ ਸੀ ਕਿ ਸਿੱਖ ਉਸ ਦੇ ਆਸ਼ੇ ਦੀ ਪੁਸ਼ਟੀ ਲਈ ਕਤਾਰਾਂ ਬੱਧੀ ਜੇਲ੍ਹੀਂ ਜਾਣ ਲਗੇ। 57,000 ਸਿੱਖ ਇਸ ਮੋਰਚੇ ਵਿਚ ਕੈਦ ਹੋਏ*। ਕਈ ਉੱਘੇ ਸਥਾਨਕ ਸਿੱਖ ਆਗੂਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ ਅਤੇ ਕਈਆਂ ਦੇ ਵਪਾਰਕ ਧੰਦੇ ਠੱਪ ਹੋ ਗਏ। ਸਮੁੱਚੇ ਤੌਰ ਤੇ ਇਸ ਮੋਰਚੇ ਨਾਲ, ਪੰਜਾਬ ਦਾ ਆਰਥਕ ਢਾਂਚਾ ਉਥੱਲ ਪੁਥੱਲ ਹੋ ਗਿਆ। ਪਰ ਭਾਰਤ ਦੀ "ਲੋਕ ਹਿਤਕਾਰੀ" ਸਰਕਾਰ ਅਹਿੱਲ ਰਹੀ। ਸਗੋਂ ਪੰਡਤ ਨਹਿਰੂ ਸਿੱਖ ਕੌਮ ਨੂੰ ਚਿੜ੍ਹਾਉਣ ਵਾਲੀਆਂ ਤਕਰੀਰਾਂ ਕਰਦੇ ਰਹੇ। ਇਕ ਵੇਰ ਉਨ੍ਹਾਂ ਨੇ ਪਾਰਲੀਮੈਂਟ ਵਿਚ ਕਿਹਾ ਕਿ "ਮਾਸਟਰ ਤਾਰਾ ਸਿੰਘ ਪੰਥ ਦੀ ਸੁਰੱਖਿਆ ਲਈ ਪੰਜਾਬੀ ਸੂਬੇ ਦੀ ਮੰਗ ਕਰ ਰਹੇ ਸਨ, ਪਰ ਮੈਂ ਪੁਛਣਾ ਚਾਹੁੰਦਾ ਹਾਂ ਇਹ ਸੁਰੱਖਿਆ ਕਿਸ ਖ਼ਤਰੇ ਤੋਂ ਚਾਹੀਦੀ ਹੈ†।" ਅਸਲ ਵਿਚ ਪੰਡਤ ਨਹਿਰੂ, ਮਾਸਟਰ ਤਾਰਾ ਸਿੰਘ ਨੂੰ ਨਿਰਣੇਈ ਹਾਰ ਦੇ ਕੇ ਸਿੱਖਾਂ ਨੂੰ ਜ਼ਲੀਲ ਕਰਨ ਤੇ ਤੁਲ ਗਏ ਸਨ। ਇਕ ਵੇਰ ਤਾਂ ਉਹਨਾਂ ਨੇ

---

*ਸਰਕਾਰੀ ਅਨੁਮਾਨ 23,000 ਦਾ ਹੈ।

†Baldev Raj Nayyar—Minority Politics in the Panjab, 256 ਦੇ ਹਵਾਲੇ ਨਾਲ।

ਇਹ ਵੀ ਐਲਾਨ ਕੀਤਾ ਕਿ ਮੇਰੇ ਰਾਜ-ਕਾਲ ਵਿਚ ਪੰਜਾਬੀ ਸੂਬਾ ਅਸੰਭਵ ਹੈ। ਪਰ ਸਿੱਖ ਵੀ ਆਪਣੇ ਹਠ ਤੇ ਦ੍ਰਿੜ੍ਹਤਾ ਲਈ ਜਗਤ ਪਰਸਿੱਧ ਹਨ। ਕੋਈ ਹੋਰ ਚਾਰਾ ਨਾ ਦੇਖ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਜੱਥੇਦਾਰ ਤੇ ਮਾਸਟਰ ਤਾਰਾ ਸਿੰਘ ਦੀ ਗ਼ੈਰ-ਹਾਜ਼ਰੀ ਵਿਚ ਮੋਰਚੇ ਦੇ ਡਿਕਟੇਟਰ ਸੰਤ ਫ਼ਤਹ ਸਿੰਘ ਨੇ ਮਰਨ-ਵਰਤ ਰੱਖ ਦਿੱਤਾ। ਸਰਕਾਰ ਪੰਜਾਬੀ ਸੂਬੇ ਦੀ ਮੰਗ ਵੀ ਪਰਵਾਨ ਨਹੀਂ ਕਰਨਾ ਚਾਹੁੰਦੀ ਅਤੇ ਨਾ ਹੀ ਉਹ ਕਿਸੇ ਸਿੱਖ ਨੇਤਾ ਦੀ ਮੌਤ ਦੀ ਜ਼ਿਮੇਵਾਰੀ ਲੈਣਾ ਚਾਹੁੰਦਾ ਸੀ, ਇਸ ਲਈ ਰਾਜਨੀਤਕ ਚਾਲ-ਬਾਜ਼ੀ ਵਜੋਂ ਮਾਸਟਰ ਤਾਰਾ ਸਿੰਘ ਨੂੰ ਰਿਹਾ ਕਰ ਕੇ ਉਸ ਨੂੰ ਨਵੀਂ ਦੁਬਿਧਾ ਵਿਚ ਪਾ ਦਿੱਤਾ ਗਿਆ। ਅਸਲ ਵਿਚ ਸੰਤ ਫ਼ਤਹ ਸਿੰਘ ਦੇ ਚੜ੍ਹਾਈ ਕਰ ਜਾਣ ਦੀ ਹਾਲਤ ਵਿਚ, ਸਾਰੀ ਜ਼ਿਮੇਵਾਰੀ ਮਾਸਟਰ ਤਾਰਾ ਸਿੰਘ ਉੱਪਰ ਸੁੱਟਣ ਦੀ ਇਹ ਡੂੰਘੀ ਚਾਲ ਸੀ। ਪਰ ਮਾਸਟਰ ਤਾਰਾ ਸਿੰਘ ਆਪੇ ਹੀ ਭਾਵਨਗਰ ਵਿਖੇ ਕਾਂਗਰਸ ਸੈਸ਼ਨ ਵਿਚ ਜਵਾਹਰ ਲਾਲ ਨੂੰ ਜਾ ਮਿਲੇ ਅਤੇ ਉਸ ਨੂੰ ਪੰਜਾਬੀ ਸੂਬੇ ਪ੍ਰਤੀ ਦੋ-ਟੁੱਕ ਉੱਤਰ ਦੇਣ ਲਈ ਕਿਹਾ। ਨਹਿਰੂ ਦੀ ਟਾਲ-ਮਟੋਲ ਦੀ ਰੁਚੀ ਦੇਖ ਕੇ ਮਾਸਟਰ ਤਾਰਾ ਸਿੰਘ ਨੇ ਐਲਾਨ ਕਰ ਦਿੱਤਾ ਕਿ ਸੰਤ ਫ਼ਤਹ ਸਿੰਘ ਦੀ ਜਾਨ ਬਚਾਉਣ ਦਾ ਕੋਈ ਸਾਧਨ ਬਾਕੀ ਨਹੀਂ ਸੀ ਅਤੇ ਸੰਤ ਫ਼ਤਹ ਸਿੰਘ ਦੇ ਚੜ੍ਹਾਈ ਕਰ ਜਾਣ ਦੀ ਸੂਰਤ ਵਿਚ ਉਹ ਆਪ ਮਰਨ-ਵਰਤ ਤੇ ਬੈਠ ਜਾਣਗੇ। ਇਹ ਖ਼ਬਰ ਪੜ੍ਹ ਕੇ ਪੰਡਤ ਨਹਿਰੂ ਨੇ ਪ੍ਰੈੱਸ ਨੂੰ ਬਿਆਨ ਦੇ ਦਿੱਤਾ, "ਪੰਜਾਬੀ ਸੂਬੇ ਦੀ ਸਥਾਪਨਾ ਬਾਰੇ, ਭਾਸ਼ਾ ਦੇ ਅਧਾਰ ਤੇ ਸੂਬਾ ਬਣਾਉਣ ਦੇ ਅਸੂਲ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇਗਾ ਤੇ ਸਿੱਖਾਂ ਨਾਲ ਕੋਈ ਵਿਤਕਰੇ ਵਾਲੀ ਗੱਲ ਨਹੀਂ ਕੀਤੀ ਜਾਵੇਗੀ*।" ਇਸ ਤਰ੍ਹਾਂ ਸੰਤ ਫ਼ਤਹ ਸਿੰਘ ਨੇ ਮਰਨ-ਵਰਤ ਖੋਲ੍ਹ ਦਿੱਤਾ ਤੇ ਸਿੱਖਾਂ ਦਾ ਪੰਜਾਬੀ ਸੂਬੇ ਦਾ ਸੁਪਨਾ ਸਾਕਾਰ ਹੁੰਦਾ ਦਿੱਸਣ ਲੱਗਾ।

*ਪਿਆਰਾ ਸਿੰਘ ਪਦਮ—ਸੰਖੇਪ ਸਿੱਖ ਇਤਿਹਾਸ, 412.

ਜਦੋਂ ਪੰਡਤ ਨਹਿਰੂ ਨੂੰ ਇਹ ਚੰਗੀ ਤਰ੍ਹਾਂ ਪਤਾ ਲੱਗ ਗਿਆ ਕਿ ਪੰਜਾਬੀ ਸੂਬਾ ਸਿੱਖ ਆਪਣੇ ਜੀਵਨ ਤੇ ਮੌਤ ਦਾ ਸਵਾਲ ਬਣਾ ਚੁਕੇ ਸਨ ਤਾਂ ਉਸ ਨੇ ਨਵੀਂ ਚਾਲ ਚੱਲੀ। ਮਾਸਟਰ ਤਾਰਾ ਸਿੰਘ ਦੀ ਪੰਜਾਬੀ ਸੂਬੇ ਦੀ ਮੰਗ ਨਾਲ ਸਿੱਖਾਂ ਦੀ ਘਟ-ਗਿਣਤੀ ਕੌਮ ਦੀ ਸਮੱਸਿਆ ਸਿੱਧੇ ਤੌਰ ਤੇ ਸਬੰਧਤ ਸੀ। ਪੰਡਤ ਨਹਿਰੂ ਨੇ ਇਸ ਮੰਗ ਨੂੰ ਨਿਰੋਲ ਭਾਸ਼ਾਈ ਰੰਗਣ ਦੇਣ ਦੀ ਵਿਉਂਤ ਬਣਾਈ। ਖੁਲ੍ਹੇ ਤੌਰ ਤੇ ਮਾਸਟਰ ਤਾਰਾ ਸਿੰਘ ਪ੍ਰਤੀ ਘਿਰਣਾ ਪਰਗਟ ਕਰ ਕੇ ਉਸ ਦੇ ਅਕਾਲੀ ਦੱਲ ਦੇ ਰਸੂਖ਼ ਵਾਲੇ ਉੱਘੇ ਨੇਤਾਵਾਂ ਨੂੰ ਮਾਸਟਰ ਤਾਰਾ ਸਿੰਘ ਵਿਰੁੱਧ ਬਗ਼ਾਵਤ ਕਰਨ ਦੀ ਸ਼ਹਿ ਦਿੱਤੀ ਅਤੇ ਰਾਜਨੀਤੀ ਦੀਆਂ ਪਰੰਪਰਾਵਾਂ ਦੇ ਉਲਟ ਅਕਾਲੀ ਦੱਲ ਦੇ ਪ੍ਰਧਾਨ, ਮਾਸਟਰ ਤਾਰਾ ਸਿੰਘ ਨੂੰ ਛੱਡ ਕੇ ਮੀਤ-ਪਰਧਾਨ, ਸੰਤ ਫ਼ਤਹ ਸਿੰਘ ਨੂੰ ਗੱਲ-ਬਾਤ ਲਈ ਦਿੱਲੀ ਸੱਦਿਆ। ਇਸ ਮੌਕੇ ਤੇ ਮਾਸਟਰ ਤਾਰਾ ਸਿੰਘ ਨੇ ਨਿੱਜੀ ਸਵੈਮਾਣ ਨੂੰ ਲਾਂਭੇ ਰੱਖ, ਕੌਮੀ ਹਿੱਤਾਂ ਨੂੰ ਪ੍ਰਮੁੱਖ ਜਾਣ ਕੇ ਪੰਡਤ ਨਹਿਰੂ ਦੀ ਇਸ ਅਨੋਖੀ ਕਾਰਵਾਈ ਵੱਲ ਧਿਆਨ ਨਾ ਕੀਤਾ। ਇਸ ਗੱਲ-ਬਾਤ ਵਿਚ ਵੀ ਪੰਡਤ ਨਹਿਰੂ ਨੇ ਮਾਸਟਰ ਤਾਰਾ ਸਿੰਘ ਨੂੰ ਗ਼ੈਰ-ਜ਼ਿਮੇਵਾਰ ਨੇਤਾ ਕਹਿ ਕੇ ਸੰਤ ਫ਼ਤਹ ਸਿੰਘ ਨੂੰ ਰਾਜਨੀਤਕ ਮਹੱਤਵ ਦੇਣ ਦੀ ਤਕੜੀ ਚਾਲ ਚਲੀ*। ਇਨ੍ਹਾਂ ਸਾਜ਼ਸ਼ਾਂ ਦੇ ਸਿੱਟੇ ਵਜੋਂ, ਸ਼੍ਰੋਮਣੀ ਅਕਾਲੀ ਦੱਲ ਦਾ ਇਕ ਤਕੜਾ ਧੜਾ ਨਿਰੋਲ ਭਾਸ਼ਾਈ ਆਧਾਰ ਤੇ ਪੰਜਾਬੀ ਸੂਬੇ ਦੀ ਮੰਗ ਦੇ ਹੱਕ ਵਿਚ ਹੋ ਗਿਆ। ਫੇਰ ਵੀ ਮਾਸਟਰ ਤਾਰਾ ਸਿੰਘ ਆਪਣੇ ਮੁਢਲੇ ਨਿਸ਼ਾਨੇ ਤੇ ਹੀ ਅੜਿਆ ਰਿਹਾ। ਉਸ ਨੇ ਸਾਫ਼ ਕਿਹਾ ਕਿ "ਸੰਤ ਫ਼ਤਹ ਸਿੰਘ ਨੀਤੀਵਾਨ ਨਹੀਂ, ਉਨ੍ਹਾਂ ਨੂੰ ਕੁਰਾਹੇ ਵੀ ਪਾਇਆ ਜਾ ਸਕਦਾ ਹੈ। ਸਾਡੀ ਮੰਗ ਸਿੱਖ ਬਹੁ-ਗਿਣਤੀ ਵਾਲਾ ਸੂਬਾ ਹੈ। ਇਸੇ ਨਾਲ ਹੀ ਸਿੱਖਾਂ ਦੀ ਹਾਲਤ ਸੁਧਰ ਸਕਦੀ

---

*Nehru-Fateh Singh Talks, published by Shromani Akali Dal, Amritsar.

ਹੈ* । ਇਸ ਘਰੋਗੀ ਲੜਾਈ ਦੇ ਅਰੰਭ ਹੋਣ ਨਾਲ ਕੇਂਦਰੀ ਸਰਕਾਰ ਨੂੰ ਸੁੱਖ ਦਾ ਸਾਹ ਆਇਆ। ਪਰ ਸਧਾਰਨ ਸਿੱਖ ਇਤਨੀ ਲੰਮੀ ਲੜਾਈ ਅਜਾਈਂ ਨਹੀਂ ਜਾਣ ਦੇਣਾ ਚਾਹੁੰਦਾ ਸੀ, ਕਿਉਂਕਿ ਉਸ ਦੇ ਸਵੈਮਾਣ ਨੂੰ ਧੱਕਾ ਲੱਗ ਰਿਹਾ ਸੀ। ਮਾਸਟਰ ਤਾਰਾ ਸਿੰਘ ਇਸ ਸਬੰਧੀ ਵੀ ਪੂਰਨ ਤੌਰ ਤੇ ਸੁਚੇਤ ਸੀ। ਇਸ ਲਈ 15 ਅਗਸਤ 1961 ਨੂੰ ਉਸ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਭੁੱਖ ਹੜਤਾਲ ਅਰੰਭ ਕਰ ਦਿੱਤੀ। ਭੁੱਖ ਹੜਤਾਲ ਦੇ ਦਿਨਾਂ ਵਿਚ ਵੀ ਮਾਸਟਰ ਤਾਰਾ ਸਿੰਘ ਨੇ ਆਪਣੀ ਮੰਗ ਦੀ ਵਿਆਖਿਆ ਕਰਦਿਆਂ ਦਸਿਆ ਕਿ ਪੰਜਾਬੀ ਬੋਲੀ ਨਾਲ ਸਿੱਖਾਂ ਦੇ ਧਾਰਮਕ ਭਾਵ ਸਬੰਧਤ ਸਨ। ਭਾਰਤ ਦੀਆਂ ਸਾਰੀਆਂ ਪ੍ਰਦੇਸ਼ਕ ਭਾਸ਼ਾਵਾਂ ਵਿਚੋਂ ਕੇਵਲ ਪੰਜਾਬੀ ਨੂੰ ਸੂਬਾ ਨਾ ਦੇਣਾ ਸਿੱਧੇ ਤੌਰ ਤੇ ਸਿੱਖ ਕੌਮ ਨਾਲ ਧੱਕਾ ਤੇ ਵਿਤਕਰਾ ਸੀ। ਪਰ ਪੰਡਤ ਨਹਿਰੂ ਆਪਣੀ ਨਿਰਪੱਖਤਾ ਤੇ ਇਨਸਾਫ਼ ਬਾਰੇ ਖ਼ਾਸ ਤੌਰ ਤੇ ਜਜ਼ਬਾਤੀ ਸਨ, ਇਸ ਲਈ ਉਨ੍ਹਾਂ ਨੇ ਇਸ ਵਿਤਕਰੇ ਸਬੰਧੀ ਜਾਂਚ ਕਰਾਉਣ ਦੀ ਪੇਸ਼ਕਸ਼ ਕੀਤੀ। ਦੂਜੇ ਪਾਸੇ ਮਾਸਟਰ ਤਾਰਾ ਸਿੰਘ ਵੀ ਭਾਸ਼ਾ ਦੇ ਮਸਲੇ ਦੀ ਥਾਂ ਸਿੱਖਾਂ ਨਾਲ ਧਾਰਮਕ ਘਟ-ਗਿਣਤੀ ਹੋਣ ਵਜੋਂ, ਵਿਤਕਰੇ ਸਬੰਧੀ ਵਧੇਰੇ ਗੰਭੀਰ ਸੀ। ਉਸ ਨੂੰ ਪੂਰਨ ਨਿਸਚਾ ਸੀ ਕਿ ਨਿਰਪੱਖ ਜਾਂਚ ਅਵੱਸ਼ ਹੀ ਸਿੱਖਾਂ ਦੀ ਪੰਜਾਬੀ ਸੂਬੇ ਦੀ ਮੰਗ ਦੇ ਹੱਕ ਵਿਚ ਜਾਵੇਗੀ। ਕਿਹਾ ਜਾਂਦਾ ਹੈ ਕਿ ਇਸ ਜਾਂਚ ਲਈ ਨੀਯਤ ਹੋਣ ਵਾਲੇ ਕਮਿਸ਼ਨ ਦੇ ਮੈਂਬਰਾਂ ਦੀ ਸੂਚੀ ਸਬੰਧੀ ਵੀ ਮਾਸਟਰ ਤਾਰਾ ਸਿੰਘ ਨੂੰ ਕੁਝ ਵਿਸ਼ਵਾਸ ਦਿਵਾਏ ਗਏ ਸਨ। ਇਨ੍ਹਾਂ ਹਾਲਾਤ ਵਿਚ ਮਾਸਟਰ ਤਾਰਾ ਸਿੰਘ ਨੇ ਪਹਿਲੀ

---

*Khushwant Singh — History of the sikhs Vol. II, 299.

Baldev Raj Nayyer–Minority Politics in the Panjab, 253.

ਅਕਤੂਬਰ 1961 ਵਾਲੇ ਦਿਨ ਮਰਨ ਵਰਤ ਛੱਡ ਦਿੱਤਾ।

1961 ਈਸਵੀ ਵਿਚ ਮਾਸਟਰ ਤਾਰਾ ਸਿੰਘ ਦੀ ਆਯੂ 76 ਸਾਲ ਦੀ ਹੋ ਚੁਕੀ ਸੀ। ਲਗ ਪਗ ਸਾਰੀ ਉਮਰ ਦੌੜ-ਭੱਜ ਦਾ ਜੀਵਨ ਬਤੀਤ ਕਰਨ ਕਰਕੇ ਹੁਣ ਉਸ ਦੀ ਸਰੀਰਕ ਸ਼ਕਤੀਆਂ ਜਵਾਬ ਦੇ ਰਹੀਆਂ ਸਨ। ਕੰਨਾਂ ਤੋਂ ਘੱਟ ਸੁਣਨ ਲੱਗਾ ਅਤੇ ਬਵਾਸੀਰ, ਗਾਊਟ, ਗੁਰਦੇ ਤੇ ਦਿਲ ਦੀਆਂ ਬੀਮਾਰੀਆਂ ਨੇ ਮਾਸਟਰ ਤਾਰਾ ਸਿੰਘ ਦੇ ਰਾਜਨੀਤਕ ਜੀਵਨ ਉੱਪਰ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ। ਆਪਣੇ ਵਿਰੋਧੀਆਂ ਦੀਆਂ ਸਾਜਸ਼ਾਂ ਤੇ ਚਾਲਾਂ ਨੂੰ ਸਮਝਦਾ ਹੋਇਆ ਵੀ ਉਹ ਉਨ੍ਹਾਂ ਵਿਰੁੱਧ ਅਸਰਦਾਰ ਕਾਰਵਾਈਆਂ ਨਹੀਂ ਕਰ ਸਕਦਾ ਸੀ। ਮਾਸਟਰ ਤਾਰਾ ਸਿੰਘ ਦੀ ਇਸ ਸਰੀਰਕ ਕਮਜ਼ੋਰੀ ਦਾ ਉਸ ਦੇ ਵਿਰੋਧੀਆਂ ਨੇ ਪੂਰਾ ਲਾਭ ਉਠਾਇਆ। ਪ੍ਰਧਾਨ ਮੰਤਰੀ ਜਵਾਹਰ ਲਾਲ, ਪੰਜਾਬੀ ਸੂਬੇ ਦੀ ਮੰਗ ਸਬੰਧੀ ਸਿੱਖਾਂ ਨਾਲ ਵਿਤਕਰੇ ਦੇ ਸਵਾਲ ਤੇ ਬਣਨ ਵਾਲੇ ਕਮਿਸ਼ਨ ਦੇ ਮੈਂਬਰਾਂ ਦੀ ਸੂਚੀ ਬਾਰੇ ਆਪਣੇ ਬਚਨਾਂ ਤੋਂ ਥਿੜਕ ਗਏ। ਦੂਜੇ ਪਾਸੇ ਅਕਾਲੀ ਦਲ ਵਿਚ ਇਕ ਰਸੂਖ਼ ਵਾਲੇ ਧੜੇ ਨੇ ਨਿਰੋਲ ਭਾਸ਼ਾ ਦੇ ਅਧਾਰ ਤੇ ਪੰਜਾਬੀ ਸੂਬਾ ਬਣਾਏ ਜਾਣ ਤੇ ਜ਼ੋਰ ਦੇ ਕੇ ਅਤੇ ਸਿੱਖਾਂ ਦੀ ਸੁਰੱਖਿਆ ਦਾ ਮਸਲਾ ਇਸ ਮੰਗ ਨਾਲੋਂ ਨਿਖੇੜ ਕੇ, ਪੰਜਾਬੀ ਸੂਬੇ ਦੇ ਲੰਮੇ ਸੰਘਰਸ਼ ਦੀ ਜਿੱਤ ਦਾ ਸਿਹਰਾ ਆਪਣੇ ਸਿਰ ਲੈਣਾ ਚਾਹਿਆ। ਇਸ ਸਿੱਖ ਸਮੱਸਿਆ ਨੂੰ ਪਿਛੋਕੜ ਵਿਚ ਸੁੱਟ ਕੇ ਪੰਜਾਬੀ ਸੂਬਾ ਪ੍ਰਾਪਤ ਕਰਨਾ, ਮਾਸਟਰ ਤਾਰਾ ਸਿੰਘ ਲਈ ਮੂਲ ਸਮੱਸਿਆ ਤੋਂ ਲਾਂਭੇ ਜਾਣ ਦੇ ਤੁਲ ਸੀ। ਇਸੇ ਲਈ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੇ ਧਾਰਮਕ ਘਟ-ਗਿਣਤੀ ਹੋਣ ਵਜੋਂ ਸੁਰੱਖਿਆ ਦੀ ਮੰਗ ਨੂੰ ਪੰਜਾਬੀ ਸੂਬੇ ਦੇ ਸਵਾਲ ਨਾਲੋਂ ਨਿਖੇੜਨਾ ਕਦੇ ਵੀ ਪਰਵਾਨ ਨਾ ਕੀਤਾ। ਨਿਰਪੱਖ ਇਤਿਹਾਸਕਾਰ ਲਈ, ਮਾਸਟਰ ਤਾਰਾ ਸਿੰਘ ਦੀ ਰਾਜਨੀਤਕ ਦਿਆਨਤਦਾਰੀ ਦੀ ਇਹ ਇਕ ਅਦੁੱਤੀ ਮਿਸਾਲ ਹੈ।

ਉਸ ਦੀ ਲੇਖਣੀ ਤੇ ਬਿਆਨਾਂ ਵਿਚ ਸਦਾ ਵਾਂਗ ਨਿਰਭੈਤਾ ਕਾਇਮ ਸੀ। ਅਤੇ ਉਹ ਸਰਕਾਰ ਤੇ ਹਿੰਦੂ ਬਹੁ-ਗਿਣਤੀ ਨੂੰ ਵੰਗਾਰੀ ਜਾ ਰਿਹਾ ਸੀ "ਜਿੱਥੇ ਜਿੱਥੇ ਕੋਈ ਮਜ਼ਹਬ ਹੈ, ਉਥੇ ਉਸੇ ਨਾਲ ਤੁਹਾਡਾ ਝਗੜਾ ਹੈ। ਨਾਗਾਲੈਂਡ ਵਿਚ ਈਸਾਈ, ਕਸ਼ਮੀਰ ਵਿਚ ਮੁਸਲਮਾਨ ਤੇ ਪੰਜਾਬ ਵਿਚ ਸਿੱਖ* ।"

ਅਕਾਲੀ ਦੱਲ ਦੀ ਅੰਦਰੂਨੀ ਲੜਾਈ ਹੁੰਦਿਆਂ ਵੀ, ਇਸ ਸਮੇਂ ਤੱਕ, ਸਿੱਖ ਜਨਤਾ ਉੱਪਰ ਮਾਸਟਰ ਤਾਰਾ ਸਿੰਘ ਦਾ ਇਤਨਾ ਪ੍ਰਭਾਵ ਸੀ ਕਿ ਜਦੋਂ ਉਸ ਨੇ ਸਰਕਾਰ ਵੱਲੋਂ ਨੀਯਤ ਹੋਏ "ਸਿਖਾਂ ਦੀਆਂ ਵਿਤਕਰੇ ਸਬੰਧੀ ਸ਼ਿਕਾਇਤਾਂ ਦੇ ਕਮਿਸ਼ਨ" ਦਾ ਬਾਈਕਾਟ ਕੀਤਾ ਤਾਂ ਕੋਈ ਵੀ ਸਿੱਖ ਸੰਸਥਾ ਇਸ ਕਮਿਸ਼ਨ ਅਗੇ ਪੇਸ਼ ਨ ਹੋਈ। ਪਰ ਅੰਤ ਨੂੰ ਸਰਕਾਰ ਤੇ ਕਾਂਗਰਸੀ ਨੇਤਾਵਾਂ ਦੀਆਂ ਪੰਜਾਬੀ ਸੂਬੇ ਦੀ ਮੰਗ ਨੂੰ ਨਵੀਂ ਤਰਜ਼ ਦੇਣ ਦੀਆਂ ਸਾਜ਼ਸ਼ਾਂ ਸਫ਼ਲ ਹੋਈਆਂ। ਅਕਾਲੀ ਦੱਲ ਦੇ ਧੜਿਆਂ ਦੀ ਲੜਾਈ ਤਿੱਖੀ ਹੋ ਗਈ ਤੇ ਇਨ੍ਹਾਂ ਹਾਲਾਤ ਵਿਚ ਸਰਕਾਰ ਸਫ਼ਲਤਾ ਸਹਿਤ ਪੰਜਾਬੀ ਸੂਬੇ ਦੀ ਮੰਗ ਨੂੰ ਟਾਲਦੀ ਰਹੀ। ਜਵਾਹਰ ਲਾਲ ਨੇ ਆਪਣਾ ਇਹ ਕਥਨ ਸਤਿ ਕਰ ਦਿਖਾਇਆ ਕਿ ਉਸ ਦੇ ਰਾਜ-ਕਾਲ ਵਿਚ ਪੰਜਾਬੀ ਸੂਬਾ ਬਣਨਾ ਅਸੰਭਵ ਸੀ। ਮਈ **1964** ਈਸਵੀ ਵਿਚ ਸ੍ਰੀ ਨਹਿਰੂ ਦੀ ਮੌਤ ਉਪਰੰਤ ਕੇਂਦਰੀ ਸਰਕਾਰ ਕਮਜ਼ੋਰ ਹੋ ਗਈ। 1965 ਦੀ ਹਿੰਦ-ਪਾਕਿਸਤਾਨ ਜੰਗ ਨੇ ਨਵੇਂ ਨੇਤਾਵਾਂ ਨੂੰ ਹੋਰ ਵੀ ਡਰਾ ਦਿੱਤਾ। ਉਨ੍ਹਾਂ ਨੇ ਠੀਕ ਹੀ ਸਮਝ ਲਿਆ ਕਿ ਸਿੱਖਾਂ ਵਰਗੀ ਬੀਰ ਕੌਮ ਦਾ ਭਾਰਤ ਦੀਆਂ ਹੱਦਾਂ ਉਪਰ ਅਸੰਤੁਸ਼ਟ ਬੈਠੇ ਰਹਿਣਾ ਦੇਸ਼ ਲਈ ਭਾਰੀ ਖ਼ਤਰਾ ਬਣ ਸਕਦਾ ਸੀ। ਦੂਜੇ ਪਾਸੇ ਮਾਸਟਰ ਤਾਰਾ ਸਿੰਘ ਨੇ ਆਪਣੀ ਮੰਗ ਨੂੰ ਪੰਜਾਬੀ ਸੂਬੇ ਦੀ ਥਾਂ ਹੁਣ 'ਸਿੱਖ ਹੋਮਲੈਂਡ'

*Private notes of Master Tara Singh.

ਦਾ ਨਾਂ ਦੇ ਦਿੱਤਾ। ਉਸ ਨੇ ਇਹ ਵੀ ਸਪੱਸ਼ਟ ਕੀਤਾ ਕਿ 'ਸਿੱਖ ਸੂਬੇ' ਨੂੰ ਭਾਰਤ ਨਾਲੋਂ ਅਡਰੇ ਹੋਣ ਦਾ ਅਧਿਕਾਰ ਵੀ ਹੋਣਾ ਚਾਹੀਦਾ ਸੀ। ਇਸ ਤਰ੍ਹਾਂ ਕੁੜਿੱਕੀ ਵਿਚ ਫਸੀ ਭਾਰਤ ਸਰਕਾਰ ਨੇ ਪੰਜਾਬ ਨੂੰ ਬੋਲੀ ਦੇ ਅਧਾਰ ਤੇ ਪੁਨਰ-ਸੰਗਠਤ ਕਰਨਾ ਮੰਨ ਲਿਆ। ਜਦੋਂ ਪਹਿਲੀ ਨਵੰਬਰ **1965** ਨੂੰ ਕਾਂਗਰਸ ਵਰਕਿੰਗ ਕਮੇਟੀ ਤੇ ਪਾਰਲੀਮਾਨੀ ਕਮੇਟੀ ਦੀਆਂ ਰਸਮੀ ਰੀਪੋਰਟਾਂ ਦੇ ਅਧਾਰ ਤੇ ਪੰਜਾਬੀ ਸੂਬਾ ਹੋਂਦ ਵਿਚ ਆਇਆ ਤਾਂ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਇਹ ਸੂਬਾ ਮੇਰੀ ਮੰਗ ਦੇ ਅਨੁਕੂਲ ਨਹੀਂ । ਮੇਰੇ ਅਨੁਭਵ ਵਾਲਾ ਪੰਜਾਬੀ ਸੂਬਾ ਤਾਂ ਉਹ ਹੈ ਜਿਸ ਨੂੰ ਸਿਖ ਆਪਣੀ ਪਿਤਾ-ਭੂਮੀ (ਹੋਮਲੈਂਡ) ਕਹਿ ਸਕਣ। ਅਜਿਹੇ ਸੂਬੇ ਨੂੰ ਭਾਵੇਂ ਭਾਰਤੀ ਵਿਧਾਨ ਦੀ ਧਾਰਾ **370** ਅਧੀਨ ਕਸ਼ਮੀਰ ਵਾਂਗ ਵਿਸ਼ੇਸ਼ ਦਰਜਾ ਕਿਉਂ ਨਾ ਦੇਣਾ ਪਵੇ*। ਮਾਸਟਰ ਤਾਰਾ ਸਿੰਘ ਦੇ ਇਨ੍ਹਾਂ ਵਿਚਾਰਾਂ ਨੂੰ ਦੇਸ-ਧ੍ਰੋਹੀ ਮਿੱਥ ਕੇ ਸਰਕਾਰ ਨੇ ਉਸ ਨੂੰ ਇਕ ਵੇਰ ਫਿਰ ਮਾਰਚ **1966** ਵਿਚ ਭਾਰਤ ਸੁਰੱਖਿਆ ਕਾਨੂੰਨ ਅਧੀਨ ਨਜ਼ਰਬੰਦ ਕਰ ਦਿੱਤਾ। ਇਹ ਮਾਸਟਰ ਤਾਰਾ ਸਿੰਘ ਦੀ ਅੰਤਲੀ ਜੇਲ੍ਹ-ਯਾਤਰਾ ਸੀ। ਇਸ ਤੋਂ ਪਿੱਛੋਂ ਤਾਰਾ ਸਿੰਘ ਦੀ ਸਿਹਤ ਵਿਗੜਦੀ ਹੀ ਗਈ, ਜਿਸ ਦੇ ਕਾਰਨ ਹੌਲੀ ਹੌਲੀ ਉਸ ਨੂੰ ਰਾਜਨੀਤਕ ਪਿੜ ਵਿਚੋਂ ਪਿੱਛੇ ਹਟਣਾ ਪਿਆ। ਪਰ ਇਤਨੇ ਘਟਨਾ-ਭਰਪੂਰ ਜੀਵਨ ਬਿਤਾਉਣ ਵਾਲੇ ਵਿਅਕਤੀ ਨੂੰ ਬੀਮਾਰੀ ਦੀ ਹਾਲਤ ਵਿਚ ਜੀਊਣਾ ਪਸੰਦ ਨਹੀਂ ਸੀ ਹੋ ਸਕਦਾ। ਨਵੰਬਰ **1967** ਈਸਵੀ ਨੂੰ ਡਾਕਟਰਾਂ ਦੇ ਵਰਜਣ ਤੇ ਵੀ, ਮਾਸਟਰ ਤਾਰਾ ਸਿੰਘ ਨੇ ਆਪਣੇ ਪਰਾਸਟਰੇਟ ਗਲੈਂਡ ਦਾ ਓਪਰੇਸ਼ਨ ਕਰਵਾਉਣ ਤੇ ਜ਼ੋਰ ਦਿੱਤਾ। ਪਰ ਉਨ੍ਹਾਂ ਦਾ ਸਰੀਰ ਓਪਰੇਸ਼ਨ ਦੀ ਖੇਚਲ ਨਾ ਝੱਲ ਸਕਿਆ ਅਤੇ 22 ਨਵੰਬਰ 1967 ਨੂੰ ਚੰਡੀਗੜ੍ਹ ਵਿਖੇ ਪ੍ਰਲੋਕ ਸਿਧਾਰ ਗਏ।

---

*Statesman, New Delhi, dated 23-11-67.

# ਆਚਰਨ

ਮਾਸਟਰ ਤਾਰਾ ਸਿੰਘ ਨੇ ਸਿੱਖੀ ਧਾਰਨ ਕਰ ਕੇ ਆਪਣਾ ਜੀਵਨ ਅਰੰਭਿਆ ਸੀ। ਉਸ ਨੇ ਆਪਣੀ ਸਾਰੀ ਆਯੂ ਸਿੱਖਾਂ ਦੇ ਲੇਖੇ ਲਾਉਣ ਦਾ ਪ੍ਰਣ ਕੀਤਾ ਸੀ, ਜਿਸ ਨੂੰ ਉਸ ਨੇ ਤੋੜ ਨਿਭਾਇਆ। ਉਹ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਰਖਣ ਵਾਲਾ ਇਕ ਸੱਚਾ ਸੁੱਚਾ ਤੇ ਰਹਿਤਵਾਨ ਸਿੱਖ ਸੀ। ਉਸ ਨੇ ਆਪਣੇ ਜੀਵਨ ਨੂੰ ਸਿੱਖੀ ਦੇ ਸੱਚੇ ਵਿਚ ਢਾਲਣ ਦਾ ਨਿਰਛਲ ਯਤਨ ਕੀਤਾ ਸੀ। ਉਸ ਦੀ ਪੁਸਤਕ 'ਗ੍ਰਿਹਸਤ ਧਰਮ ਸਿਖਿਆ' ਤੋਂ ਪਤਾ ਲਗਦਾ ਹੈ ਕਿ ਉਹ ਉੱਚੇ ਸਦਾਚਾਰ ਦਾ ਕਿਤਨਾ ਵੱਡਾ ਹਾਮੀ ਸੀ। ਸਿੱਖਾਂ ਦੀ ਕੁਰਬਾਨੀ ਦੀ ਭਾਵਨਾ ਨੇ ਉਸ ਨੂੰ ਸਿੱਖੀ ਵੱਲ ਖਿੱਚਿਆ ਸੀ ਅਤੇ ਕੁਰਬਾਨੀ ਲਈ ਹਰ ਸਮੇਂ ਤੱਤਪਰ ਰਹਿਣਾ ਉਹ ਆਪਣਾ ਧਰਮ ਸਮਝਦਾ ਸੀ। "ਦੂਜਿਆਂ ਦੀ ਜ਼ਿੰਦਗੀ ਲਈ ਆਪਣੀ ਜ਼ਿੰਦਗੀ ਵਾਰਨਾ" ਉਸ ਨੇ ਆਪਣਾ ਵੱਡਾ ਨਿਸ਼ਾਨਾ ਬਣਾ ਰਖਿਆ ਸੀ। ਉਹ ਆਪਣੀ ਜਾਨ ਨੂੰ ਜੋਖੋਂ ਵਿਚ ਪਾਉਣ ਤੋਂ ਕਦੇ ਵੀ ਨਹੀਂ ਝਿਜਕਦਾ ਸੀ। ਅਕਾਲੀ ਲਹਿਰ ਤੇ ਸੁਤੰਤਰਤਾ ਸੰਗਰਾਮ ਵਿਚ, ਮਹਾਰਾਜਾ ਪਟਿਆਲਾ ਦੀ ਆਪ-ਹੁਦਰੀ ਵਿਰੁੱਧ ਤੇ ਦੇਸ਼ ਦੀ ਵੰਡ ਸਮੇਂ ਜਿਸ ਨਿਰਭੈਤਾ ਦਾ ਪ੍ਰਗਟਾ ਮਾਸਟਰ ਤਾਰਾ ਸਿੰਘ ਨੇ ਕੀਤਾ ਉਹ ਇਤਿਹਾਸ ਗਾਥਾਵਾਂ ਦਾ ਵਡਮੁੱਲਾ ਭਾਗ ਬਣ ਚੁਕਾ ਹੈ। ਉਸ ਦੀ ਵਿਅਕਤੀ ਦੇ ਬਹੁ-ਪੱਖੀ ਗੁਣਾਂ ਵਿਚੋਂ ਨਿਰਭੈਤਾ ਨੇ ਪ੍ਰਧਾਨ ਰੂਪ ਧਾਰਨ ਕਰ ਲਿਆ ਸੀ ਜਿਸ ਕਰ ਕੇ ਉਸ ਨੂੰ "ਅਣਖੀ ਸੂਰਮਾ" "ਨਿਰਭੈ ਯੋਧਾ", "ਅਣਥੱਕ ਸੰਗਰਾਮੀ" ਕਹਿ ਕੇ ਸਲਾਹਿਆ ਜਾਂਦਾ ਰਿਹਾ।

ਮਾਸਟਰ ਤਾਰਾ ਸਿੰਘ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਦਾ ਪੂਰਨ ਧਾਰਨੀ ਸੀ ਅਤੇ ਸੱਚਾਈ ਤੇ ਡੱਟ ਜਾਣਾ ਉਸ ਦੇ ਜੀਵਨ ਦੀ ਇਕ ਵੱਡੀ ਵਿਲੱਖਣਤਾ ਸੀ। ਸੱਚ ਬਦਲੇ ਸੰਘਰਸ਼ ਕਰਨ ਸਬੰਧੀ ਉਸ ਨੇ ਆਪ ਲਿਖਿਆ ਹੈ "ਸੱਚ ਬਦਲੇ ਮਰਨਾ ਨਿਰਾ ਆਪਣੇ ਯਕੀਨਾਂ ਤੇ ਦੇਸ਼ ਬਦਲੇ ਮਰਨਾ ਨਹੀਂ ਹੁੰਦਾ, ਸਗੋਂ ਸਾਰੀ ਦੁਨੀਆ ਬਦਲੇ ਮਰਨਾ ਹੁੰਦਾ ਹੈ*।" ਮਾਸਟਰ ਜੀ ਦੇ ਇਸ ਨਿਸਚੇ ਸਬੰਧੀ ਇਕ ਇਤਫ਼ਾਕੀਆ ਘਟਨਾ ਵਰਨਣ ਯੋਗ ਹੈ। ਦਿੱਲੀ ਦੇ ਇਕ ਉੱਘੇ ਅਕਾਲੀ ਨੇਤਾ ਨੇ ਮਾਸਟਰ ਜੀ ਨੂੰ ਮਖ਼ੌਲ ਨਾਲ ਕਿਹਾ ਕਿ ਸੁਤੰਤਰਤਾ ਤੋਂ ਪਹਿਲੋਂ ਅਸੀਂ ਅੰਗਰੇਜ਼ ਤੇ ਮੁਸਲਮਾਨਾਂ ਦੀ ਪ੍ਰਭੁਤਾ ਵਿਰੁੱਧ ਲੜਦੇ ਰਹੇ, ਹੁਣ ਹਿੰਦੂ ਬਹੁ-ਗਿਣਤੀ ਦੇ ਧੱਕੇ ਵਿਰੁੱਧ ਲੜਦੇ ਹਾਂ ਤੇ ਜੇ ਕਦੇ ਸਾਡਾ ਰਾਜ, ਭਾਵ ਸਿੱਖ ਰਾਜ ਬਣ ਗਿਆ ਤਾਂ ਫਿਰ ਅਸੀਂ ਕਿਸ ਦੇ ਵਿਰੁੱਧ ਲੜਨਾ ਹੈ? ਮਾਸਟਰ ਤਾਰਾ ਸਿੰਘ ਦਾ ਉੱਤਰ ਅਸਲੀਅਤ ਦੇ ਬੜਾ ਨੇੜੇ ਸੀ। ਉਸ ਨੇ ਕਿਹਾ, "ਸਿੱਖ ਰਾਜ ਵਿਚ ਵੀ ਜ਼ਰੂਰ ਧੱਕਾ ਹੋਵੇਗਾ ਤੇ ਮੈਂ ਉਸ ਦੇ ਵਿਰੁੱਧ ਵੀ ਜ਼ਰੂਰ ਲੜਾਂਗਾ।"

ਰਾਜਨੀਤੀ ਵਿਚ ਉਸ ਨੇ ਪੰਥ ਦੇ ਲਾਭ ਲਈ ਭਾਗ ਲੈਣਾ ਅਰੰਭਿਆ ਸੀ ਅਤੇ ਆਪਣੇ ਰਾਜਨੀਤਕ ਜੀਵਨ ਨੂੰ ਉਹ ਪੰਥ ਦੀ ਉੱਨਤੀ ਲਈ ਇਕ ਸਾਧਨ ਸਮਝਦਾ ਸੀ। ਉਸ ਦਾ ਇਹ ਕਹਿਣਾ ਸੀ, "ਸਾਡਾ ਪਾਲੇਟਿਕਸ ਸਿੱਖੀ ਲਈ ਹੈ"। ਸਿੱਖ ਧਰਮ ਦੇ ਰਾਜਨੀਤਕ ਅਨੁਭਵ ਨੂੰ ਉਹ ਚੰਗੀ ਤਰ੍ਹਾਂ ਸਮਝਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਪੰਥ ਸਰਬ-ਸਮਰੱਥ (Sovereign) ਹੈ। ਚੱਪੇ ਚੱਪੇ ਤੇ ਕਰੜੀ ਵਿਰੋਧਤਾ ਦਾ ਟਾਕਰਾ ਕਰ ਕੇ ਵੀ ਮਾਸਟਰ ਤਾਰਾ ਸਿੰਘ ਨੇ ਪੰਥ ਦੀ ਸਰਬ-ਸਮਰੱਥਾ ਦੇ ਨਿਯਮ ਨੂੰ ਕਾਇਮ ਰਖਿਆ। ਇਸ

*ਸੰਤ ਸਿਪਾਹੀ, ਜੂਨ 1951.

ਤਰ੍ਹਾਂ ਮਾਸਟਰ ਤਾਰਾ ਸਿੰਘ ਦਾ 'ਪੰਥ ਦੀ ਆਜ਼ਾਦ ਹਸਤੀ ਦਾ ਨਾਅਰਾ' ਗੁਰੂ ਗੋਬਿੰਦ ਸਿੰਘ ਜੀ ਦੀ ਰਾਜਨੀਤਕ ਵਿਚਾਰਧਾਰਾ ਦਾ ਹੀ ਇਕ ਭਾਗ ਸੀ।

ਰਾਜਨੀਤੀ ਵਿਚ ਹੇਰਾ-ਫੇਰੀ ਤੇ ਝੂਠ-ਫ਼ਰੇਬ ਆਦਿ ਨੂੰ ਉਹ ਗੁਨਾਹ ਸਮਝਦਾ ਸੀ। ਵਰਤਮਾਨ ਰਾਜਨੀਤਕ ਚਲਨ ਬਾਰੇ ਉਸ ਨੇ ਦੁਖ ਨਾਲ ਲਿਖਿਆ ਹੈ, "ਕਰੀਬਨ ਸਭ ਵੱਡੇ ਵੱਡੇ ਆਗੂਆਂ ਨੇ ਝੂਠ ਬੋਲਣ ਤੇ ਛਲ ਕਰਨ ਦੀ ਸ਼ਰਮ ਲਾਹ ਛੱਡੀ ਹੈ*। ਪੰਡਤ ਨਹਿਰੂ ਦੀ, ਦੋ-ਅਰਥੀ ਗੱਲਾਂ ਕਰ ਕੇ ਪੇਚੀਦਾ ਮਸਲਿਆਂ ਨੂੰ ਟਾਲਣ ਦੀ ਆਦਤ, ਉਸ ਨੂੰ ਉੱਕਾ ਹੀ ਪਸੰਦ ਨਹੀਂ ਸੀ। ਅਚੇਤ ਹੀ ਮਾਸਟਰ ਤਾਰਾ ਸਿੰਘ ਦੇ ਇਸ ਉੱਚ-ਇਖ਼ਲਾਕੀ ਰਾਜਨੀਤਕ ਚਲਨ ਦਾ ਟਾਕਰਾ, ਬਰਤਾਨੀਆ ਦੇ ਉਨ੍ਹੀਵੀਂ ਸਦੀ ਦੇ ਪਰਸਿੱਧ ਪ੍ਰਧਾਨ ਮੰਤਰੀ, ਗਲੈਡਸਟੋਨ ਨਾਲ ਹੋ ਜਾਂਦਾ ਹੈ। ਭਾਵੇਂ ਅੱਜ ਦੀ ਗੁੰਝਲਦਾਰ ਰਾਜਨੀਤੀ ਮਾਸਟਰ ਤਾਰਾ ਸਿੰਘ ਦੀ ਧਰਮ ਭਾਵ ਵਾਲੀ ਨੀਤੀ ਨਾਲ ਮੇਲ ਨਾ ਖਾ ਸਕੇ, ਪਰ ਨਿਸਚੇ ਹੀ ਮਾਸਟਰ ਤਾਰਾ ਸਿੰਘ ਦੀ ਵਿਅਕਤੀ ਦਾ ਇਹ ਇਕ ਉਜਾਗਰ ਪੱਖ ਹੈ।

ਲਗਾਤਾਰ 30 ਸਾਲ ਤੋਂ ਵਧੀਕ ਸਿੱਖਾਂ ਦਾ ਸਰਬ-ਪ੍ਰਿਯ ਨੇਤਾ ਰਹਿ ਕੇ ਵੀ ਉਸ ਵਿਚ 'ਗੁਰੂ ਪੰਥ ਦਾ ਦਾਸ' ਬਣਨ ਦੀ ਹੀ ਉਮੰਗ ਸੀ। ਉਹ ਸਦਾ ਨਿਮਰ ਭਾਵ ਵਿਚ ਰਹਿੰਦਾ ਰਿਹਾ ਅਤੇ ਉਸ ਨੇ ਕਦੇ ਵੀ ਆਪਣੇ ਆਪ ਨੂੰ ਪੰਥ ਦਾ ਆਗੂ ਹੋਣ ਦਾ ਦਾਅਵਾ ਨਹੀਂ ਕੀਤਾ; ਸਗੋਂ ਉਹ ਆਮ ਕਰਕੇ ਸੰਗਤਾਂ ਵਿਚ ਕਿਹਾ ਕਰਦਾ ਸੀ, "ਪੰਥ ਲਈ ਪ੍ਰੋਗਰਾਮ ਗੁਰੂ ਮਹਾਰਾਜ ਆਪ ਹੀ ਉਲੀਕਦਾ ਹੈ। ਮੈਂ ਤਾਂ ਉਸ ਦਾ ਚਾਕਰ ਹਾਂ। ਜੇ

---

*ਮਾਸਟਰ ਤਾਰਾ ਸਿੰਘ — ਸਵੈਮਾਣ ਤੇ ਚੌਧਰ (ਸੰਤ ਸਿਪਾਹੀ, ਜੁਲਾਈ, 1951).

ਮੈਂ ਗ਼ਲਤੀ ਕਰਦਾ ਹਾਂ ਤਾਂ ਪੰਥ ਬਖ਼ਸ਼ਣਹਾਰ ਹੈ। ਜੇ ਮੈਂ ਗ਼ੱਦਾਰੀ ਕਰਾਂ ਤਾਂ ਦੰਡ ਦਾ ਭਾਗੀ ਹਾਂ।" ਭਾਵੇਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਿਮਰਤਾ ਭਾਵ ਦੀ ਇਹ ਨੀਤੀ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੀਆਂ ਲੋਕ-ਰਾਜੀ ਪਰੰਪਰਾਵਾਂ ਕਾਰਨ ਅਪਣਾਈ ਸੀ, ਪਰ ਫੇਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਾਸਟਰ ਤਾਰਾ ਸਿੰਘ ਸਿੱਖੀ ਰਵਾਇਤਾਂ ਅਨੁਸਾਰ ਸਿੱਖਾਂ ਦੇ ਰਾਜਨੀਤਕ ਚਲਨ ਨੂੰ ਚੰਗੀ ਤਰ੍ਹਾਂ ਸਮਝਦਾ ਸੀ, ਅਤੇ ਇਸੇ ਯੋਗਤਾ ਕਾਰਨ ਉਹ ਚੋਖਾ ਲੰਮਾ ਸਮਾਂ ਸਿੱਖਾਂ ਦਾ ਨੇਤਾ ਰਹਿ ਸਕਿਆ।

ਮਾਸਟਰ ਤਾਰਾ ਸਿੰਘ ਦੇ ਰਾਜਸੀ ਜੀਵਨ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਸ ਨੇ ਖ਼ਾਲਸਾ ਪੰਥ ਦੀ ਰਾਜਨੀਤਕ ਹੋਂਦ ਨੂੰ ਕਾਇਮ ਰਖਣ ਦਾ ਜੋ ਰਾਹ ਅਪਣਾਇਆ ਉਸ ਤੋਂ ਉਹ ਕਦੇ ਵੀ ਨਹੀਂ ਸੀ ਥਿੜਕਿਆ। ਉਸ ਦੇ ਸਾਥੀ ਇਸ ਲੰਮੇ ਸੰਗਰਾਮ ਵਿਚੋਂ ਥੱਕ ਕੇ ਉਸ ਦਾ ਸਾਥ ਛੱਡਦੇ ਗਏ। ਮਾਸਟਰ ਤਾਰਾ ਸਿੰਘ ਦਾ ਆਦਰਸ਼ ਨਿਸ਼ਕਾਮ ਪੰਥਕ ਸੇਵਾ ਸੀ ਤੇ ਨਿਸ਼ਕਾਮ ਸੇਵਾ ਲਈ ਸਧਾਰਨ ਮਨੁੱਖ ਕੋਲ ਤਾਰਾ ਸਿੰਘ ਜਿਤਨਾ ਜੇਰਾ ਨਹੀਂ ਹੋ ਸਕਦਾ ਸੀ। ਇਸ ਪੱਖੋਂ ਸਿੱਖ ਪੰਥ ਤਾਰਾ ਸਿੰਘ ਦੀ ਇਸ ਵਡਿਆਈ ਨੂੰ ਸਦਾ ਮੰਨਦਾ ਰਿਹਾ ਹੈ ਕਿ ਉਹ 'ਪੱਥਰ' ਵਾਂਗ ਆਪਣੀ ਥਾਂ ਤੇ ਅਹਿੱਲ ਸੀ। ਉਸ ਨੇ ਸਾਰੀ ਉਮਰ ਕੋਈ ਵਜ਼ੀਰੀ ਜਾਂ ਕਿਸੇ ਉੱਚੀ ਤੋਂ ਉੱਚੀ ਸਰਕਾਰੀ ਸੰਸਥਾ ਦੀ ਮੈਂਬਰੀ ਪ੍ਰਵਾਨ ਨਹੀਂ ਕੀਤੀ। ਪੰਜਾਬ ਦੇ ਰਾਜਸੀ ਖੇਤਰ ਵਿਚ ਜਿਨ੍ਹਾਂ ਵਿਅਕਤੀਆਂ ਨੂੰ ਮਾਸਟਰ ਤਾਰਾ ਸਿੰਘ ਨਾਲ ਕੰਮ ਕਰਨ ਦਾ ਅਵਸਰ ਮਿਲਿਆ ਹੈ, ਉਹ ਸਾਰੇ ਹੀ ਮਾਸਟਰ ਤਾਰਾ ਸਿੰਘ ਦੀ ਉੱਚੀ ਸੂਝ ਤੇ ਵਿਚਾਰਾਂ ਦੀ ਸਰੇਸ਼ਟਤਾ ਨੂੰ ਸਲਾਹੁੰਦੇ ਰਹੇ ਹਨ। ਉਨ੍ਹਾਂ ਸਾਰਿਆਂ ਤੇ ਹੀ ਮਾਸਟਰ ਤਾਰਾ ਸਿੰਘ ਦੀ ਵਿਅਕਤੀ ਦਾ ਡੂੰਘਾ ਪ੍ਰਭਾਵ ਹੈ। ਇਸੇ ਲਈ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਕਿ

ਉਸ ਨੂੰ ਚੋਖਾ ਸਮਾਂ ਪੰਜਾਬ ਦੇ ਰਾਜਸੀ ਆਗੂਆਂ ਦਾ ਉਸਤਾਦ ਕਿਹਾ ਜਾਂਦਾ ਰਿਹਾ*।

ਪੰਜਾਬੀ ਜਨਤਕ ਜੀਵਨ ਵਿਚ ਮਾਸਟਰ ਤਾਰਾ ਸਿੰਘ ਆਪਣੀ ਦਿਆਨਦਾਰੀ ਲਈ ਵੀ ਪਰਸਿੱਧ ਸੀ। ਉਸ ਦੇ ਨਾ-ਖ਼ਰੀਦੇ ਜਾਣ ਵਾਲੇ ਸੁਭਾ ਦੀ ਚਰਚਾ ਤਾਂ ਸਿੱਖਾਂ ਵਿਚ ਆਮ ਸੀ। "ਮਾਸਟਰ ਤਾਰਾ ਸਿੰਘ ਦੀਆਂ ਨੀਤੀਆਂ ਨਾਲ ਕਿਸੇ ਨੂੰ ਕਿਤਨੇ ਵੀ ਮੱਤ-ਭੇਦ ਕਿਉਂ ਨਾ ਹੋਣ ਪਰ ਸਧਾਰਨ ਦੇਸ਼-ਵਾਸੀ, ਉਸ ਦੀ ਈਮਾਨਦਾਰੀ ਤੇ ਕਦੇ ਵੀ ਸ਼ੱਕ ਨਹੀਂ ਕਰ ਸਕਦਾ ਸੀ। ਭਾਰਤੀ ਨੇਤਾਵਾਂ ਵਿਚੋਂ ਤਾਂ ਉਸ ਦੀ ਈਮਾਨਦਾਰੀ ਦੀ ਮਿਸਾਲ ਦਿਤੀ ਜਾਂਦੀ ਸੀ†।" ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮਹਾਰਾਜਾ ਭੂਪਿੰਦਰ ਸਿੰਘ (ਪਟਿਆਲਾ) ਨੇ ਆਪਣੇ ਵਿਰੁੱਧ ਪਰਚਾਰ ਬੰਦ ਕਰਾਉਣ ਲਈ, ਮਾਸਟਰ ਤਾਰਾ ਸਿੰਘ ਨੂੰ ਕੋਰਾ ਚੈੱਕ ਪੇਸ਼ ਕੀਤਾ ਸੀ। ਤਾਰਾ ਸਿੰਘ ਨੇ ਇਸ ਭਰਮਾਊ ਪੇਸ਼ਕਸ਼ ਨੂੰ ਜਿਸ ਘਿਰਣਾ ਨਾਲ ਠੁਕਰਾਇਆ, ਉਹ ਅੱਜ ਵੀ ਪੰਜਾਬ ਦੇ ਲੋਕਾਂ ਦੀ ਦੰਦ-ਕਥਾ ਹੈ। ਇਸੇ ਪ੍ਰਕਾਰ ਵੰਡ ਦੇ ਦਿਨਾਂ ਵਿਚ ਜੋ ਹਿੰਦੂ-ਸਿੱਖ ਰੱਖਿਆ ਕਮੇਟੀ ਕਾਇਮ ਕੀਤੀ ਗਈ ਸੀ, ਉਸ ਨੇ ਦੱਸ ਲੱਖ ਰੁਪਿਆ ਇਕੱਠਾ ਕੀਤਾ। ਇਸ ਕਮੇਟੀ ਦੇ ਪੰਜ ਮੈਂਬਰਾਂ ਵਿਚ ਮਾਸਟਰ ਤਾਰਾ ਸਿੰਘ ਵੀ ਸੀ। ਹਰ ਮੈਂਬਰ ਨੂੰ ਦੋ ਲੱਖ ਰੁਪਏ ਖ਼ਰਚ ਕਰਨ ਦੇ ਅਧਿਕਾਰ ਦਿੱਤੇ ਗਏ। ਕਮੇਟੀ ਦੇ ਸਾਰੇ ਮੈਂਬਰਾਂ ਵਿਚੋਂ ਕੇਵਲ ਮਾਸਟਰ ਤਾਰਾ ਸਿੰਘ ਹੀ ਸੀ ਜਿਸ ਨੇ ਵੰਡ ਤੋਂ ਪਿਛੋਂ ਹਿਸਾਬ ਦੇਣ ਲਈ, ਇਸ ਕਮੇਟੀ ਦੀ ਮੀਟਿੰਗ ਬੁਲਾਏ ਜਾਣ ਦੀ ਮੰਗ ਕੀਤੀ। ਜਦੋਂ ਕਿਸੇ ਨੇ ਵੀ ਕੰਨੀ ਨਾ ਧਰੀ ਤਾਂ

---

*Baldev Raj Nayyar—Minority Politics in the Panjab, 142.

†Baldev Raj Nayyar—Minority Politics in the Panjab, 143.

ਮਾਸਟਰ ਤਾਰਾ ਸਿੰਘ ਨੇ ਆਪਣੇ ਦੋ ਲੱਖ ਰੁਪਏ ਦਾ ਪੂਰਾ ਹਿਸਾਬ ਤੇ ਬਕਾਇਆ 34,000/- ਰੁਪਿਆ ਕਮੇਟੀ ਦੇ ਕਨਵੀਨਰ ਡਾਕਟਰ ਗੋਪੀ ਚੰਦ ਭਾਰਗੋ ਨੂੰ ਭੇਜ ਦਿੱਤਾ*।

ਰਾਜਨੀਤਕ ਖੇਤਰ ਤੋਂ ਬਿਨਾਂ ਮਾਸਟਰ ਤਾਰਾ ਸਿੰਘ ਇਕ ਸਫ਼ਲ ਪੱਤਰਕਾਰ ਤੇ ਸਾਹਿੱਤਕਾਰ ਵੀ ਸੀ। ਉਹ ਪੰਜਾਬੀ ਦੇ ਮੁਢਲੇ ਪੱਤਰਕਾਰਾਂ ਵਿਚੋਂ ਸੀ। 'ਅਕਾਲੀ ਤੇ ਪ੍ਰਦੇਸੀ' ਦਾ ਉਹ ਕਈ ਸਾਲ ਸੰਪਾਦਕ ਰਿਹਾ। ਪੰਜਾਬੀ ਅਖ਼ਬਾਰਾਂ ਵਿਚ ਰਾਜਸੀ ਵਿਅੰਗ ਲਿਖਣੇ ਮਾਸਟਰ ਤਾਰਾ ਸਿੰਘ ਨੇ ਹੀ ਅਰੰਭੇ ਸਨ। ਅਜ ਵੀ ਕਈ ਬਜ਼ੁਰਗ 'ਅਕਾਲੀ ਤੇ ਪ੍ਰਦੇਸੀ' ਵਿਚ ਮਾਸਟਰ ਤਾਰਾ ਸਿੰਘ ਦੀ ਲਿਖੀ 'ਖੜਪੈਂਚ ਦੀ ਡਾਇਰੀ' ਦਾ ਸੁਆਦ ਯਾਦ ਕਰਦੇ ਹਨ। ਆਪਣੀ ਰਾਜਸੀ ਵਿਚਾਰ-ਧਾਰਾ ਬਾਰੇ ਲੇਖ ਅਤੇ ਧਰਮ ਬਾਰੇ ਵਿਚਾਰ ਉਹ ਲਗਾਤਾਰ ਅਖ਼ਬਾਰਾਂ ਵਿਚ ਦੇਂਦਾ ਰਹਿੰਦਾ ਸੀ। ਇਸ ਤੋਂ ਛੁੱਟ ਮਾਸਟਰ ਤਾਰਾ ਸਿੰਘ ਨੇ ਕਈ ਪੁਸਤਕਾਂ ਵੀ ਲਿਖੀਆਂ ਹਨ :— ਪ੍ਰੇਮ ਲਗਨ, ਬਾਬਾ ਤੇਗਾ ਸਿੰਘ, ਕਿਉ ਵਰਨੀ ਕਿਵ ਜਾਣਾ, ਪਿਰਮ ਪਿਆਲਾ ਅਤੇ ਮੇਰੀ ਯਾਦ ਉਸ ਦੀਆਂ ਪਰਸਿੱਧ ਪੁਸਤਕਾਂ ਹਨ। ਬਾਬਾ ਤੇਗਾ ਸਿੰਘ, ਇਕ ਰਾਜਸੀ ਧਾਰਮਕ ਨਾਵਲ ਹੈ ਜੋ ਪੰਜਾਬੀ ਸਾਹਿੱਤ ਵਿਚ ਆਪਣੀ ਕਿਸਮ ਦੀ ਇਕੋ ਇਕ ਪੁਸਤਕ ਹੈ। ਇਸ ਪੁਸਤਕ ਨੂੰ ਪੰਜਾਬ ਯੂਨੀਵਰਸਿਟੀ ਨੇ ਕਈ ਵਾਰ ਪਾਠ-ਪੁਸਤਕ ਵੀ ਨੀਯਤ ਕੀਤੀ ਰਖਿਆ ਹੈ। 'ਮੇਰੀ ਯਾਦ' ਉਸ ਦੀ ਆਪਣੀ ਰਾਜਨੀਤਕ ਜੀਵਨੀ ਹੈ। ਵੀਹਵੀਂ ਸਦੀ ਦੇ ਪੰਜਾਬ ਦਾ ਇਤਿਹਾਸ ਲਿਖਣ ਲਈ ਇਹ ਵਡਮੁੱਲੀ ਸਮਿੱਗਰੀ ਹੈ। ਬਿਆਨ ਦੀ ਸੱਚਾਈ ਇਸ ਸਵੈ-ਜੀਵਨੀ ਦੀ ਮੁਖ ਵਿਸ਼ੇਸ਼ਤਾ ਹੈ। ਸਮੁੱਚੇ ਤੌਰ ਤੇ ਮਾਸਟਰ ਤਾਰਾ ਸਿੰਘ ਦੀ

---

*Statement of Manjit Singh, sometime P. A. to Master Tara Singh.

ਲੇਖਣੀ ਸਰਲ, ਜ਼ੋਰਦਾਰ, ਭਾਵ-ਪੂਰਤ ਤੇ ਜੀਵਨ ਦੇ ਤਜਰਬੇ ਦੀ ਉਪਜ ਹੈ।

ਸਧਾਰਨ ਗੱਲ-ਬਾਤ ਵਿਚ ਮਾਸਟਰ ਤਾਰਾ ਸਿੰਘ ਚੰਗਾ ਹਾਜ਼ਰ-ਜੁਆਬ ਅਤੇ ਆਪਣੇ ਨਿਸਚਿਆਂ ਦੀ ਪਰਪੱਕਤਾ ਨੂੰ ਸਾਬਤ ਕਰਨ ਲਈ ਪੂਰਨ ਯੋਗਤਾ ਰਖਦਾ ਸੀ। ਕਿਸੇ ਇਕ ਵਿਸ਼ੇ ਤੇ ਵਿਚਾਰ-ਵਟਾਂਦਰਾ ਕਰਦਿਆਂ ਉਹ ਆਪਣੇ ਮਨ ਦੀ ਇਤਨੀ ਇਕਾਗਰਤਾ ਰਖਦਾ ਸੀ ਕਿ ਕਿਸੇ ਹੋਰ ਵਿਸ਼ੇ ਦੇ ਹਵਾਲੇ ਤੇ ਵੀ ਉਹ ਖਿੱਝ ਜਾਂਦਾ ਤੇ ਕਹਿ ਉਠਦਾ ਸੀ, "ਇਹ ਤਾਂ ਲਾਂਭੇ ਦੀ ਗੱਲ ਹੋਈ।" ਸੁਭਾ ਦਾ ਉਹ ਬੜਾ ਹੀ ਕਾਹਲਾ ਸੀ। ਜਦੋਂ ਵੀ ਉਸ ਨੂੰ ਕੋਈ ਵਿਚਾਰ ਸੁਝਦਾ ਉਹ ਸ਼ੀਘਰ ਤੋਂ ਸ਼ੀਘਰ ਉਸ ਨੂੰ ਅਮਲ ਵਿਚ ਲਿਆਉਣਾ ਚਾਹੁੰਦਾ ਸੀ। ਛੁਹਲਾਪਣ ਤੇ ਚੜ੍ਹਦੀ ਕਲਾ ਦੀ ਭਾਵਨਾ ਵਿਚ ਰਹਿਣਾ ਉਸ ਦੀ ਆਦਤ ਬਣ ਚੁਕੀ ਸੀ। ਸਵੈ-ਭਰੋਸਾ ਉਸ ਵਿਚੋਂ ਡੁਲ੍ਹ ਡੁਲ੍ਹ ਪੈਂਦਾ ਸੀ ਤੇ ਸਿਖ ਧਰਮ ਦੇ ਉਜਾਗਰ ਭਵਿੱਖ ਵਿਚ ਉਸ ਨੂੰ ਸਦੀਵੀ ਵਿਸ਼ਵਾਸ ਸੀ। ਰਾਜਨੀਤੀ ਵਿਚ ਉਸ ਨੇ ਆਪਣਾ ਟੀਚਾ, ਸਿੱਖਾਂ ਦੀ ਰਾਜਨੀਤਕ ਪ੍ਰਭੁਤਾ ਵਾਲਾ ਇਕ ਪ੍ਰਦੇਸ਼ ਪ੍ਰਾਪਤ ਕਰਨਾ ਮਿਥਿਆ ਸੀ। ਉਸ ਦੀਆਂ ਹੱਦਾਂ ਉਸ ਨੇ ਚਨਾਬ ਤੋਂ ਘੱਗਰ ਤੱਕ ਕਲਪੀਆਂ ਸਨ। ਅੱਜ ਦੇ ਰਾਵੀ ਤੇ ਘੱਗਰ ਵਿਚਾਲੇ ਦੇ ਸਿੱਖ ਬਹੁ-ਗਿਣਤੀ ਵਾਲੇ ਪੰਜਾਬ ਦੇ ਪਿੱਛੇ ਮਾਸਟਰ ਤਾਰਾ ਸਿੰਘ ਦੇ ਲਗ ਪਗ **40** ਸਾਲ ਦੇ ਰਾਜਸੀ ਸੰਗਰਾਮ ਦਾ ਇਤਿਹਾਸ ਹੈ। ਇਕ ਸਧਾਰਨ ਘਰਾਣੇ ਵਿਚ ਜੰਮ ਕੇ, ਮਹਾਰਾਜਿਆਂ ਤੇ ਰਈਸਾਂ ਨਾਲ ਸਫ਼ਲ ਲੜਾਈਆਂ ਲੜ ਕੇ ਤੇ ਰਾਜਸੀ ਪ੍ਰਾਪਤੀਆਂ ਦੀ ਪੀੜ੍ਹੀ ਚੜ੍ਹ ਕੇ ਵੀ ਉਸ ਵਿਚ ਸੱਤਾ ਪ੍ਰਾਪਤ ਕਰਨ ਦੀ ਕੋਈ ਲਾਲਸਾ ਪੈਦਾ ਨਾ ਹੋਈ। ਉਸ ਵਿਚ ਫੇਰ ਵੀ ਕੇਵਲ ਚੰਗਾ ਸਿੱਖ ਬਣਨ ਦੀ ਤਾਂਘ ਹੀ ਕਾਇਮ ਰਹੀ। ਦਿਨੋ ਦਿਨ ਖ਼ਰਾਬ ਹੋ ਰਹੀ ਸਿਹਤ ਕਾਰਨ ਆਪਣਾ ਅੰਤ ਨੇੜੇ ਦੇਖ ਕੇ ਉਸ ਦੀ ਅਕਾਲ ਪੁਰਖ ਅਗੇ ਇਹੋ

ਅਰਜ਼ੋਈ ਸੀ, "ਹੇ ਸਤਿਗੁਰੂ ! ਜੇ ਮੇਰੇ ਮਨ ਵਿਚ ਕੋਈ ਲਾਲਚ ਹੈ ਤਾਂ ਉਹ ਲਾਲਚ ਪੂਰਾ ਨਾ ਹੋਣ ਦਈਂ, ਜੇ ਕੋਈ ਅਹੰਕਾਰ ਹੈ ਤਾਂ ਮੇਰਾ ਅਹੰਕਾਰ ਭੰਨ ਦਿਉ, ਜੇ ਕੋਈ ਵੈਰ ਹੈ ਤਾਂ ਮੇਰਾ ਮਨ ਉਸ ਤੋਂ ਧੋ ਦਿਉ* ।" ਇਸ ਪੱਖੋਂ ਮਾਸਟਰ ਤਾਰਾ ਸਿੰਘ ਦਾ ਟਾਕਰਾ ਨਵਾਬ ਕਪੂਰ ਸਿੰਘ ਨਾਲ ਢੁਕਦਾ ਹੈ। ਸਿੱਖਾਂ ਲਈ ਰਾਜਨੀਤਕ ਸਵਾਧੀਨਤਾ ਪ੍ਰਾਪਤ ਕਰਨ ਵਿਚ ਉਸ ਨੂੰ ਅਜੇ ਕਈ ਹੋਰ ਹੰਭਲਿਆਂ ਦੀ ਲੋੜ ਪਰਤੱਖ ਦਿੱਸ ਰਹੀ ਸੀ। ਇਸੇ ਲਈ ਉਸ ਨੇ ਆਪਣੀਆਂ ਅੰਤਲੀਆਂ ਲਿਖਤਾਂ ਵਿਚ ਦਰਜ ਕੀਤਾ ਹੈ :–

"ਗ਼ੁਲਾਮੀ ਦੇ ਤਪਦਿੱਕ ਨਾਲ ਮਰਨ ਤੋਂ,
ਚੰਗਾ ਹੈ ਅਜ਼ਾਦੀ ਦੇ ਸੁਪਨੇ ਵਿਚ ਮਰਨਾ।
ਅਗਲੇ ਜਨਮ ਵਿਚ ਤਾਂ ਆਜ਼ਾਦ ਹੋਵਾਂਗੇ।"†

❖

*Private Notes of Master Tara Singh.
†Private Notes of Master Tara Singh.

ਮਾਸਟਰ ਤਾਰਾ ਸਿੰਘ ਦੇ ਜੀਵਨ-ਕਾਲ ਦੀਆਂ

# ਮਹੱਤਵ-ਪੂਰਨ ਤਰੀਕਾਂ

1885, ਜੂਨ 24—ਜਨਮ, ਪਿੰਡ ਹਰਿਆਲ (ਰਾਵਲਪਿੰਡੀ)।

1902—ਸੰਤ ਅਤਰ ਸਿੰਘ ਜੀ ਦੇ ਜੱਥੇ ਤੋਂ ਅੰਮ੍ਰਿਤ ਪਾਨ ਕਰਨਾ।

1903—ਮੈਟਰਿਕ ਪਾਸ।

1907—ਮੇਜਰ ਹੇਲ ਤੇ ਖ਼ਾਲਸਾ ਕਾਲਜ ਵਿਚ ਸਿੱਖੀ ਅਣਖ ਦਾ ਪ੍ਰਗਟਾਵਾ।

—ਤੇਜ ਕੌਰ ਨਾਲ ਵਿਆਹ।

—ਬੀ.ਏ. ਪਾਸ।

1908—ਐਸ.ਏ.ਵੀ. ਪਾਸ।

—ਲਾਇਲਪੁਰ ਖ਼ਾਲਸਾ ਹਾਈ ਸਕੂਲ ਦਾ ਮੋਢੀ ਹੈੱਡਮਾਸਟਰ।

1909—'ਸੱਚਾ ਢੰਡੋਰਾ' ਸਪਤਾਹਕ ਪੱਤਰ ਜਾਰੀ ਕਰਨਾ।

1914—ਗੁਰਦੁਆਰਾ ਰਕਾਬ ਗੰਜ ਦਿੱਲੀ ਦੀ ਕੰਧ ਦਾ ਝਗੜਾ ਅਤੇ ਮਾਸਟਰ ਜੀ ਦਾ ਗਰਮ-ਖ਼ਿਆਲੀ ਸਿੱਧ ਹੋਣਾ।

—ਕੈਨੇਡਾ ਦੇ ਸਿੱਖ ਕਾਮੇ ਪਰ-ਵਾਸੀਆਂ ਦੇ ਹੱਕਾਂ ਲਈ ਪਰਚਾਰ।

—ਲਾਇਲਪੁਰ ਤੋਂ ਖ਼ਾਲਸਾ ਹਾਈ ਸਕੂਲ ਕੱਲਰ।

1920—ਰੋਜ਼ਾਨਾ 'ਅਕਾਲੀ' ਦਾ ਜਾਰੀ ਕਰਨਾ।

—ਸ਼੍ਰੋਮਣੀ ਕਮੇਟੀ ਦੀ ਸਥਾਪਨਾ ਤੇ ਮਾ: ਤਾਰਾ ਸਿੰਘ 176 ਮੋਢੀ ਮੈਂਬਰਾਂ ਵਿਚ।

1921—ਸਾਕਾ ਨਨਕਾਣਾ ਸਾਹਿਬ ਤੇ ਮਾਸਟਰ ਜੀ ਦਾ ਜੀਵਨ-ਦਾਨ।

—ਕੁੰਜੀਆਂ ਦਾ ਮੋਰਚਾ ਤੇ ਮਾ: ਤਾਰਾ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ।

1923—ਨਾਭੇ ਦਾ ਮੋਰਚਾ ਅਤੇ ਲਾਹੌਰ ਕਿਲ੍ਹੇ ਵਿਚ ਰਾਜਧ੍ਰੋਹੀ ਹੋਣ ਦਾ ਮੁਕੱਦਮਾ (ਅਕਾਲੀ ਲੀਡਰਜ਼ ਕੇਸ)।

1925—ਗੁਰਦੁਆਰਾ ਐਕਟ ਤੇ ਮਾ: ਤਾਰਾ ਸਿੰਘ ਦਾ ਸ਼ਰਤ ਤੇ ਰਿਹਾ ਹੋਣੋਂ ਇਨਕਾਰ।

1926—ਮਹਾਰਾਜਾ ਪਟਿਆਲਾ (ਭੁਪਿੰਦਰ ਸਿੰਘ) ਨਾਲ ਵਿਰੋਧ ਤੇ ਪਟਿਆਲੇ ਦੇ ਅਕਾਲੀਆਂ ਦੀ ਰਿਹਾਈ ਲਈ ਮੰਗ।

1928—ਮੋਤੀ ਲਾਲ ਨਹਿਰੂ ਰੀਪੋਰਟ ਤੇ ਸਿੱਖਾਂ ਵਿਚ ਫੁੱਟ।

1929—ਕਾਂਗਰਸ ਸੈਸ਼ਨ ਲਾਹੌਰ ਵਲੋਂ ਮੋਤੀ ਲਾਲ ਨਹਿਰੂ ਰੀਪੋਰਟ ਰੱਦ, ਅਤੇ ਇਕਰਾਰ ਕਿ ਸਿੱਖਾਂ ਦੀ ਮਰਜ਼ੀ ਬਿਨਾਂ ਕਾਂਗਰਸ ਕੋਈ ਵਿਧਾਨ ਨਹੀਂ ਮੰਨੇਗੀ। ਮਾਸਟਰ ਜੀ ਦੇ ਦ੍ਰਿਸ਼ਟੀਕੋਣ ਦੀ ਜਿੱਤ।

1930—ਸਿਵਲ ਨਾ-ਫ਼ੁਰਮਾਨੀ ਤੇ ਪਿਸ਼ਾਵਰ ਨੂੰ ਜੱਥਾ ।

—ਮਾ: ਤਾਰਾ ਸਿੰਘ ਦਾ ਸ਼੍ਰੋਮਣੀ ਕਮੇਟੀ, ਅਕਾਲੀ ਦਲ ਤੇ ਸਿੱਖ ਲੀਗ ਦਾ ਪਰਧਾਨ ਬਣ ਕੇ ਸਿੱਖ ਰਾਜਨੀਤੀ ਵਿਚ ਸਿਖਰ ਤੇ ।

1931—ਪਹਿਲੀ ਗੋਲਮੇਜ਼ ਕਾਨਫ੍ਰੰਸ ਅਤੇ ਮਾ: ਤਾਰਾ ਸਿੰਘ ਦਾ ਸਿੱਖਾਂ ਵਲੋਂ ਮਹਾਤਮਾ ਗਾਂਧੀ ਨੂੰ ਯਾਦ-ਪੱਤਰ।

—ਕਮਿਊਨਲ ਅਵਾਰਡ ਵਿਰੁੱਧ ਜੋਸ਼ ਤੇ ਮਾਸਟਰ ਤਾਰਾ ਸਿੰਘ ਦਾ ਲਾਹੌਰ ਵਿਚ ਦਾਖ਼ਲਾ ਬੰਦ ।

1933—ਪੰਥ 'ਚੋਂ ਫੁੱਟ ਮੁਕਾਉਣ ਲਈ ਅਗਿਆਤ-ਵਾਸ ।

1934—ਸ: ਸੇਵਾ ਸਿੰਘ ਠੀਕਰੀਵਾਲੇ ਦੀ ਸ਼ਹੀਦੀ ਤੇ ਅਗਿਆਤਵਾਸ ਤੋਂ ਵਾਪਸੀ।

1935—ਮੋਰਚਾ ਸ਼ਹੀਦਗੰਜ (ਲਾਹੌਰ)।

1937—ਸਰ ਸਿਕੰਦਰ ਦੀ, ਪੰਜਾਬ ਵਿਚ ਮੁਸਲਿਮ ਗ਼ਲਬਾ ਕਾਇਮ ਕਰਨ ਦੀ, ਨੀਤੀ ਦਾ ਵਿਰੋਧ।

1940—ਮੁਸਲਿਮ ਲੀਗ ਵਲੋਂ ਪੰਜਾਬ ਦੀ ਮੰਗ ।

—ਬਟਾਲਾ ਚੋਣ ਵਿਚ ਮਜੀਠੀਏ ਸਰਦਾਰ ਦੀ ਹਾਰ ਤੇ ਸਰ ਸਿਕੰਦਰ ਵਲੋਂ ਮਾਸਟਰ ਜੀ ਦਾ ਲੋਹਾ ਮੰਨਣਾ।

1941—ਸਿਕੰਦਰ-ਬਲਦੇਵ ਸਿੰਘ ਪੈਕਟ ।

—ਪਾਕਿਸਤਾਨ ਦੀ ਮੰਗ ਦਾ ਵਿਰੋਧ ਅਤੇ ਕਰਾਚੀ ਵਿਚ

ਐਂਟੀ-ਪਾਕਿਸਤਾਨ ਕਾਨਫ੍ਰੰਸ ਕਰਨੀ।

1942—ਦੂਜੇ ਵਿਸ਼ਵ ਯੁੱਧ ਬਾਰੇ ਨੀਤੀ ਸਬੰਧੀ ਮਹਾਤਮਾ ਗਾਂਧੀ ਨਾਲ ਮਤ-ਭੇਦ ਤੇ ਕਾਂਗਰਸ ਤੋਂ ਅਸਤੀਫ਼ਾ।

—ਆਜ਼ਾਦ ਪੰਜਾਬ ਦੀ ਮੰਗ।

—ਰਾਜ ਗੋਪਾਲ ਆਚਾਰੀਆ ਤੇ ਮਹੇਸ਼ਵਰ ਦਿਆਲ ਬਿਰਲਾ ਦੇ ਫ਼ਿਰਕੂ ਸਮੱਸਿਆ ਹੱਲ ਕਰਨ ਦੇ ਯਤਨ। ਪੰਜਾਬੀ ਹਿੰਦੂਆਂ ਦਾ ਵਿਰੋਧ।

1944—ਰਾਜਾ-ਗਾਂਧੀ ਫ਼ਾਰਮੂਲਾ ਤੇ ਮਾਸਟਰ ਤਾਰਾ ਸਿੰਘ ਦਾ ਜ਼ੋਰਦਾਰ ਵਿਰੋਧ।

—ਮਾਸਟਰ ਤਾਰਾ ਸਿੰਘ ਵਲੋਂ ਐਲਾਨ ਕਿ ਸਿੱਖ ਇਕ ਅੱਡਰੀ ਕੌਮ ਹੈ।

1945—ਸ਼ਿਮਲਾ ਕਾਨਫ੍ਰੰਸ ਵਿਚ ਸਿੱਖਾਂ ਦਾ ਇਕੋ ਇਕ ਪ੍ਰਤੀਨਿਧ ਮਾ: ਤਾਰਾ ਸਿੰਘ।

1946—ਕੈਬੇਨਿਟ ਮਿਸ਼ਨ ਦਾ ਆਗਮਨ, ਮਾ: ਤਾਰਾ ਸਿੰਘ ਵਲੋਂ ਪਾਕਿਸਤਾਨ ਦਾ ਵਿਰੋਧ ਤੇ ਆਜ਼ਾਦ ਸਿੱਖ ਸਟੇਟ ਦੀ ਮੰਗ।

—ਪੰਡਤ ਨਹਿਰੂ ਦਾ ਬਿਆਨ ਕਿ ਉਹ ਖ਼ੁਦਮੁਖ਼ਤਾਰ ਸਿੱਖ ਸੂਬੇ ਦੇ ਹੱਕ ਵਿਚ ਸਨ।

1947—ਮੁਸਲਮ ਲੀਗ ਨੂੰ ਮਿਲਵਰਤਣ ਦੇਣ ਤੋਂ ਇਨਕਾਰ, ਲਾਹੌਰ ਵਿਚ ਯਾਦਗਾਰੀ ਵਿਖਾਵਾ ਤੇ ਸਿੱਖ ਸਟੇਟ ਲਈ ਹੰਭਲਾ।

—ਹਿੰਦੂ ਸਿੱਖ ਡੀਫ਼ੈਂਸ ਕੌਂਸਲ ਦੀ ਕਾਇਮੀ ਤੇ ਮਾਸਟਰ ਜੀ ਪਰਧਾਨ।

—ਐਂਟੀ ਪਾਕਿਸਤਾਨ ਫ਼ਰੰਟ ਦਾ ਡਿਕਟੇਟਰ।

—ਫ਼ਿਰਕੂ-ਅਧਾਰ ਤੇ ਅਬਾਦੀ ਦੇ ਤਬਾਦਲੇ ਦੀ ਮੰਗ।

—ਪੰਜਾਬੀ ਆਰੀਆ ਸਮਾਜੀਆਂ ਵਲੋਂ ਕੇਂਦਰੀ ਨੇਤਾਵਾਂ ਨੂੰ 'ਸਿੱਖਾਂ ਨੂੰ ਕਾਬੂ ਵਿਚ ਰੱਖਣ' ਦੀ ਸਲਾਹ ਅਤੇ ਮਾਸਟਰ ਜੀ ਵਲੋਂ ਨਵੇਂ ਸੰਘਰਸ਼ ਦਾ ਅਰੰਭ।

1948—ਪੰਜਾਬੀ ਸੂਬੇ ਦੀ ਮੰਗ ਤੇ ਦਾਰ ਕਮੇਟੀ ਸਾਹਮਣੇ ਪੰਜਾਬ ਦਾ ਸਮੱਸਿਆ।

1949—ਸੁਤੰਤਰ ਭਾਰਤ ਵਿਚ ਮਾਸਟਰ ਤਾਰਾ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ ਤੇ ਦਿੱਲੀ ਕਾਨਫ਼੍ਰੰਸ।

—ਸੱਚਰ ਫ਼ਾਰਮੂਲਾ।

1952—ਪੰਜਾਬੀ ਸੂਬੇ ਦਾ ਪਹਿਲਾ ਮੋਰਚਾ ਤੇ ਧਰਮਸਾਲਾ ਜੇਲ੍ਹ ਵਿਚ ਬੰਦ।

1956—ਅੰਮ੍ਰਿਤਸਰ ਅਕਾਲੀ ਕਾਨਫ਼੍ਰੰਸ ਸਮੇਂ ਸਰਬ-ਪ੍ਰਿਯਤਾ ਦਾ ਯਾਦਗਾਰੀ ਜਲੂਸ।

—ਰਿਜੀਨਲ ਫ਼ਾਰਮੂਲਾ।

1958—ਗੁਰਦੁਆਰਿਆਂ ਵਿਚ ਸਰਕਾਰੀ ਦਖ਼ਲ ਵਿਰੁੱਧ ਰੋਸ।

—ਨਹਿਰੂ-ਤਾਰਾ ਸਿੰਘ ਪੈਕਟ।

1960—ਅੰਤਲਾ ਸੰਘਰਸ਼, ਪੰਜਾਬੀ ਸੂਬੇ ਦਾ ਦੂਜਾ ਮੋਰਚਾ, ਗ੍ਰਿਫ਼ਤਾਰੀ ਤੇ ਫਿਰ ਧਰਮਸਾਲਾ ਜੇਲ੍ਹ ਵਿਚ।

1961—ਰਿਹਾਈ ਤੇ ਪੰਡਤ ਨਹਿਰੂ ਨਾਲ ਖਿੱਚੋਤਾਣ।

—ਮਰਨ ਵਰਤ (15 ਅਗਸਤ ਤੋਂ ਪਹਿਲੀ ਅਕਤੂਬਰ ਤਕ)।

1962—ਫੇਰ ਗ੍ਰਿਫ਼ਤਾਰ।

1965—ਸਿੱਖ ਹੋਮਲੈਂਡ ਅਤੇ ਆਤਮ ਨਿਰਣੇ ਦੇ ਹੱਕ ਦੀ ਮੰਗ।

1966—ਅੰਤਲੀ ਗ੍ਰਿਫ਼ਤਾਰੀ।

1967, ਨਵੰਬਰ 22—ਅਕਾਲ ਚਲਾਣਾ।

# ਪ੍ਰੋ: ਸਾਹਿਬ ਸਿੰਘ ਕ੍ਰਿਤ ਪੁਸਤਕਾਂ

| | | | |
|---|---|---|---|
| ਜੀਵਨ-ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ | | ਸਜਿਲਦ | ੪-੫੦ |
| ,, ,, ਸ੍ਰੀ ਗੁਰੂ ਅੰਗਦ ਸਾਹਿਬ | | ਅਜਿਲਦ | ੦-੭੫ |
| ,, ,, ਸ੍ਰੀ ਗੁਰੂ ਅਮਰਦਾਸ ਜੀ | | ,, | ੦-੭੫ |
| ,, ,, ਸ੍ਰੀ ਗੁਰੂ ਰਾਮਦਾਸ ਜੀ | | ,, | ...... |
| ,, ,, ਸ੍ਰੀ ਗੁਰੂ ਅਰਜਨ ਦੇਵ ਜੀ | | ,, | ੧-੨੦ |
| ,, ,, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ | | ,, | ...... |
| ,, ,, ਸ੍ਰੀ ਗੁਰੂ ਹਰਿ ਰਾਏ ਜੀ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ | | | ੦-੭੫ |
| ,, ,, ਸ੍ਰੀ ਗੁਰੂ ਤੇਗ ਬਹਾਦਰ ਜੀ | | ,, | ੦-੯੦ |
| ਬੁਰਾਈ ਦਾ ਟਾਕਰਾ | | ਸਜਿਲਦ | ੨-੫੦ |
| ਗੁਰਬਾਣੀ ਤੇ ਇਤਿਹਾਸ ਬਾਰੇ | | ,, | ੨-੫੦ |
| ਧਰਮ ਤੇ ਸਦਾਚਾਰ | | ,, | ੨-੫੦ |
| ਸਰਬਤ ਦਾ ਭਲਾ | | ,, | ੨-੫੦ |
| ਸਿਖ ਸਿਦਕ ਨ ਹਾਰੇ | | ,, | ੨-੫੦ |
| ਗੁਰਬਾਣੀ ਵਿਆਕਰਣ | | ,, | ੬-੫੦ |
| ਜਪੁਜੀ ਸਾਹਿਬ ਸਟੀਕ | ੧।।।) | ,, | ੨-੨੫ |
| ਜਾਪ ਸਾਹਿਬ, ਸਵੱਈਏ, ਚੌਪਈ ਸਟੀਕ | ੧।।) | ,, | ੨-੦੦ |
| ਆਸਾ ਦੀ ਵਾਰ ਸਟੀਕ | ੧।।।) | ,, | ੨-੨੫ |
| ਸੁਖਮਨੀ ਸਾਹਿਬ ਸਟੀਕ | ੩।।) | ,, | ੪-੦੦ |
| ਭਗਤ ਬਾਣੀ ਸਟੀਕ ਪੰਜ ਹਿੱਸੇ | | ,, | ੧੬-੫੦ |
| ੧੨ ਭਗਤਾ ਦੀ ਬਾਣੀ ਸਟੀਕ | | ,, | ੨-੫੦ |
| ਬਾਣੀ ਭਗਤ ਰਵਿਦਾਸ ਜੀ ਸਟੀਕ | | ,, | ੨-੫੦ |
| ,, ਭਗਤ ਨਾਮਦੇਵ ਜੀ ਸਟੀਕ | | ,, | ੩-੦੦ |
| ,, ਭਗਤ ਕਬੀਰ ਜੀ ਸਟੀਕ ਭਾਗ ੧ | | ,, | ੪-੦੦ |
| ,, ਭਗਤ ਕਬੀਰ ਜੀ ਸਟੀਕ ਭਾਗ ੨ | | ,, | ੪-੫੦ |
| ਸਲੋਕ ਕਬੀਰ ਜੀ ਸਟੀਕ | | ,, | ੩-੫੦ |
| ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ | ੧।।) | ,, | ੨-੦੦ |
| ਰਾਮਕਲੀ ਸੱਦ ਸਟੀਕ | | ਅਜਿਲਦ | ੦-੫੦ |
| ਭੱਟਾਂ ਦੇ ਸਵਈਏ ਸਟੀਕ | | ,, | ੩-੭੫ |
| ਸੱਤੇ ਬਲਵੰਡ ਦੀ ਵਾਰ ਸਟੀਕ | | ਸਜਿਲਦ | ੨-੦੦ |
| ਸਿਧ ਗੋਸਟਿ ਸਟੀਕ | | — | ...... |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ੧੦ ਜਿਲਦਾਂ ਵਿਚ | | | ੨੦੦-੦੦ |

I. I. A. S. LIBRARY

Acc. No.

This book was issued from the library on the date last stamped. It is due back within one month of its date of issue, If not recalled earlier.

ਹੋ ਰਹੀ ਹੈ । ਇਕ ਵਾਰ ਜ਼ਰੂਰ ਦਰਸ਼ਨ ਕਰੋ ।

ਕਾਗਜ਼ ਛਪਾਈ ਵਧੀਆ, ਸਫ਼ੇ ੧੦੮

ਜਿਲਦ ਸਮੇਤ ਭੇਟਾ ੧-੦੦

75226
13.11.91

**I. I. A. S. LIBRARY**

Acc. No. 75226

Author : Kapur, Phillipal Singh

Call No.

Title : Master Tara Singh

| Borrower's Name (Block letters) | Signature & date |
|---|---|
| Dr. S. S. Dhanaa | [illegible signature] |

## ਜੀਵਨ-ਯਾਤਰਾ

# ਮਾਸਟਰ ਤਾਰਾ ਸਿੰਘ

ਪ੍ਰਿੰਸੀਪਲ ਨਿਰੰਜਨ ਸਿੰਘ ਲਿਖਤ

ਛੇਤੀ ਛਪ ਰਹੀ ਹੈ ।

ਮਾਸਟਰ ਤਾਰਾ ਸਿੰਘ ਜੀ ਦੇ ਜੀਵਨ ਨੂੰ ਬਹੁਤ ਨੇੜਿਓਂ ਵੇਖ ਤੇ ਪਰਖ ਕੇ ਵਿਸਥਾਰ ਸਹਿਤ ਇਸ ਪੁਸਤਕ ਵਿਚ ਦਿੱਤਾ ਗਿਆ ਹੈ । ਇਸ ਪੁਸਤਕ ਵਿਚ ਉਨ੍ਹਾਂ ਸਾਰੇ ਹਾਲਾਤ ਦਾ ਵਰਨਣ ਹੈ ਜਿਨ੍ਹਾਂ ਵਿਚ ਮਾਸਟਰ ਜੀ ਨੇ ਆਪਣੀ ਜੀਵਨ-ਖੇਡ ਖੇਡੀ ਅਤੇ ਉਨ੍ਹਾਂ ਸਭ ਸੱਜਣਾਂ ਦਾ ਭੀ ਜ਼ਿਕਰ ਹੈ, ਜਿਨ੍ਹਾਂ ਨਾਲ ਉਨ੍ਹਾ ਦਾ ਵਾਹ ਪਿਆ । ਪ੍ਰਿੰਸੀਪਲ ਸਾਹਿਬ ਨੇ ਆਪਣਾ, ਆਪਣੇ ਭਰਾਵਾਂ ਅਤੇ ਉਨ੍ਹਾਂ ਦੇ ਸਾਥੀਆਂ ਤੇ ਵਿਰੋਧੀਆਂ ਦਾ ਵਿਸਥਾਰ-ਪੂਰਬਕ ਨਿਰਪੱਖ ਵਰਨਣ ਕਰਨ ਤੋਂ ਸੰਕੋਚ ਨਹੀਂ ਕੀਤਾ ਤਾਕਿ ਮਾਸਟਰ ਜੀ ਦੀ ਸ਼ਖ਼ਸੀਅਤ ਦਾ ਠੀਕ ਅੰਦਾਜ਼ਾ ਲਾਇਆ ਜਾ ਸਕੇ ।

ਪ੍ਰਿੰਸੀਪਲ ਨਿਰੰਜਨ ਸਿੰਘ ਜੀ ਭੂਮਿਕਾ ਵਿਚ ਲਿਖਦੇ ਹਨ ਕਿ ਮਾਸਟਰ ਜੀ ਦੇ ਸੇਵਾ-ਭਰਪੂਰ ਜੀਵਨ ਵਿਚ ਮੇਰੇ ਨਾਲੋਂ ਵਧ ਉਨ੍ਹਾਂ ਦਾ ਕੋਈ ਹੋਰ ਨਿਕਟਵਰਤੀ ਨਹੀਂ ਰਿਹਾ, ਇਸ ਲਈ ਉਨ੍ਹਾਂ ਦੇ ਸੁਭਾ, ਉਨ੍ਹਾਂ ਦੇ ਕੰਮਾਂ ਅਤੇ ਉਨ੍ਹਾਂ ਦੇ ਗੁਣਾਂ ਔਗੁਣਾਂ ਦਾ ਇਤਨਾ ਗਿਆਨ ਹੋਰ ਕਿਸੇ ਨੂੰ ਹੋ ਨਹੀਂ ਸਕਦਾ । ਉਹ ਮੇਰੇ ਵੱਡੇ ਭਰਾ ਸਨ, ਜਿਨ੍ਹਾਂ ਮੈਨੂੰ ਪੜ੍ਹਾਇਆ, ਜਿਨ੍ਹਾਂ ਤੋਂ ਮੈਂ ਬਹੁਤ ਕੁਝ ਸਿਖਿਆ ਅਤੇ ਜਿਨ੍ਹਾਂ ਲਈ ਮੇਰੇ [illegible] ਪਿਆਰ ਤੇ ਸਤਿਕਾਰ ਹੈ, ਪਰ ਇਨ੍ਹਾਂ ਸੰਬੰਧਾਂ ਤੇ ਜਜ਼ਬਿਆਂ ਦੇ [illegible] ਕਮੀਆਂ ਨੂੰ ਗਲੇਫਣ ਦਾ ਜਤਨ ਨ[illegible] ਤਿਆਗੀ ਫ਼ਕੀਰ ਦੇ ਜੀਵਨ ਤੋਂ ਸਿਖ[illegible] ਸਫਲ ਬਣਾਨ ਦਾ ਯਤਨ ਕਰਨ[illegible] ਸਮਝੇਗਾ ।

Library IIAS, Shimla
P 923.254 5 T 17 K
00075226

**ਸਫ਼ੇ ਤਿੰਨ ਸੌ ਦੇ ਕਰੀਬ, ਕਈ ਚਿੱਤਰ ਆਰਟ ਪੇਪਰ ਉਪਰ**

**ਭੇਟਾ ਪੰਜ ਰੁਪਏ**